# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date-18.03.24

www.hsnnews.in | PUNPUN/2024/86289 | President:-Sam dhillion | Email:info@hsnnews.in

Vol.11 | March-2024 | Published in Canada | Pages 8


# ਕੈਨੇਡਾ ਚ ਸ਼ਰਣ ਦਾ ਦਾਅਵਾ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਚ ਹੈਰਾਨੀਜਨਕ ਵਾਧਾ

ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀਆਂ ਨੂੰ ਲੈ ਕੇ ਹੈਰਾਨੀਜਨਕ ਖ਼ੁਲਾਸਾ ਹੋਇਆ ਹੈ। ਖੁਲਾਸੇ ਮੁਤਾਬਕ ਵੱਡੀ ਗਿਣਤੀ ਵਿਚ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਰਫਿਊਜ਼ੀ ਸ਼ਰਨ ਲਈ ਅਰਜ਼ੀਆਂ ਦਿੱਤੀਆਂ ਜਾ ਰਹੀਆਂ ਹਨ। ਪਿਛਲੇ ਲੰਬੇ ਅਰਸੇ ਤੋਂ ਕੈਨੇਡਾ ਪੰਜਾਬੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ, ਜਿਸ ਦੇ ਚਲਦਿਆਂ ਬਹੁਤ ਸਾਰੇ ਨੌਜਵਾਨਾਂ ਵੱਲੋਂ ਕੈਨੇਡਾ ਜਾਣ ਲਈ ਸਿੱਧੇ-ਅਸਿੱਧੇ ਹਰ ਤਰ੍ਹਾਂ ਦੇ ਤਰੀਕੇ ਵਰਤੇ ਜਾ ਰਹੇ ਹਨ। ਮੌਜੂਦਾ ਸਮੇਂ ਵੱਡੀ ਗਿਣਤੀ ’ਚ ਵਿਦਿਆਰਥੀਆਂ ਵੱਲੋਂ ਭਾਰਤ ਵਿਚ ਖ਼ਤਰਾ ਹੋਣ ਦੀ ਗੱਲ ਆਖ ਕੇ ਰਫਿਊਜ਼ੀ ਦਾ ਦਾਅਵਾ ਕਰਕੇ ਸ਼ਰਨ ਮੰਗੀ ਜਾ ਰਹੀ ਹੈ। ਅਜਿਹਾ ਦਾਅਵਾ ਕਰਨ ਵਾਲੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਵਿਚ 4.5 ਗੁਣਾ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਵਾਟਰਲੂ ਰੀਜ਼ਨ ਰਿਕਾਰਡ ਦੀ ਇਕ ਰਿਪੋਰਟ ਮੁਤਾਬਕ ਇਕੱਲੇ ਕਾਂਸਟੋਗਾ ਕਾਲਜ ਵਿਚ ਅਜਿਹੇ ਦਾਅਵੇ ਸਾਢੇ ਚਾਰ ਗੁਣਾ ਵਧ ਗਏ ਹਨ। ਸਾਲ 2022 ਵਿਚ 106 ਵਿਦਿਆਰਥੀਆਂ ਵੱਲੋਂ ਅਜਿਹੇ ਦਾਅਵੇ ਕੀਤੇ ਗਏ ਸੀ ਪਰ ਸਾਲ 2023 ਵਿਚ ਵਧ ਕੇ ਇਨ੍ਹਾਂ ਦੀ ਗਿਣਤੀ 450 ਹੋ ਗਈ ਹੈ। ਦਰਅਸਲ ਕੈਨੇਡਾ ਵਿਚ ਜੇਕਰ ਕੋਈ ਸੰਸਥਾ ਕੈਨੇਡੀਅਨ ਕੌਮਾਂਤਰੀ ਸਿੱਖਿਆ ਪ੍ਰੋਗਰਾਮ ਦਾ ਪ੍ਰਤੀਕ ਰਹੀ ਹੈ ਤਾਂ ਉਹ ਕਿਚਨਰ ਵਿਚ ਕਾਂਸਟੋਗਾ ਕਾਲਜ ਹੈ, ਜੋ ਟੋਰਾਂਟੋ ਤੋਂ ਕਰੀਬ 100 ਕਿਲੋਮੀਟਰ ਦੂਰ ਪੱਛਮ ਵਿਚ ਪੈਂਦਾ ਹੈ। ਇੱਥੇ ਪਿਛਲੇ ਤਿੰਨ ਸਾਲਾਂ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਨਾਮਜ਼ਦਗੀ ਵਿਚ ਸਭ ਤੋਂ ਤੇਜ਼ ਵਾਧਾ ਦੇਖਿਆ ਗਿਆ।




ਮੌਜੂਦਾ ਸਮੇਂ ਬੇਸ਼ੱਕ ਕੈਨੇਡਾ ਦੇ ਬਹੁਤ ਸਾਰੇ ਕਾਲਜ ਕਾਫ਼ੀ ਘਬਰਾਏ ਹੋਏ ਹਨ, ਪਰ ਉਹ ਪੀੜਤ ਨਹੀਂ, ਪੀੜਤ ਤਾਂ ਸਿਰਫ਼ ਕੌਮਾਂਤਰੀ ਵਿਦਿਆਰਥੀ ਹਨ, ਜਿਹੜੇ ਹਜ਼ਾਰਾਂ ਡਾਲਰ ਖ਼ਰਚ ਕਰਕੇ ਕੈਨੇਡਾ ਵਿਚ ਇਸ ਉਮੀਦ ਨਾਲ ਆਏ ਹਨ ਕਿ ਉਨ੍ਹਾਂ ਨੂੰ ਇੱਥੇ ਸਥਾਈ ਨਿਵਾਸ ਮਿਲ ਜਾਵੇਗਾ ਪਰ ਉਨ੍ਹਾਂ ਦਾ ਇਹ ਸੁਪਨਾ ਜਲਦੀ ਪੂਰਾ ਹੁੰਦਾ ਨਹੀਂ ਜਾਪਦਾ। ਭਾਵੇਂ ਕਿ ਕੈਨੇਡਾ ਪਹਿਲਾਂ ਤੋਂ ਕਿਤੇ ਜ਼ਿਆਦਾ ਗੈਰ ਪ੍ਰਵਾਸੀਆਂ ਨੂੰ ਸਵੀਕਾਰ ਕਰ ਰਿਹਾ ਹੈ ਪਰ ਕੈਨੇਡੀਅਨ ਸਿਸਟਮ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨਾਲ ਤਾਲਮੇਲ ਨਹੀਂ ਬਿਠਾ ਪਾ ਰਿਹਾ। ਜਿਹੋ ਜਿਹੀ ਸਥਿਤੀ ਮੌਜੂਦਾ ਸਮੇਂ ਬਣੀ ਹੋਈ ਹੈ,ਉਸ ਮੁਤਾਬਕ ਹਰ 10 ਕੌਮਾਂਤਰੀ ਵਿਦਿਆਰਥੀਆਂ ਵਿਚੋਂ ਲਗਭਗ ਤਿੰਨ ਨੂੰ ਹੀ ਸਥਾਈ ਨਿਵਾਸ ਮਿਲਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਕੌਮਾਂਤਰੀ ਵਿਦਿਆਰਥੀਆਂ ਲਈ ਇਹ ਬੇਹੱਦ ਨਿਰਾਸ਼ਾ ਵਾਲਾ ਸਮਾਂ ਹੈ, ਜਿਸ ਕਰਕੇ ਕੁਝ ਵਿਦਿਆਰਥੀ ਨਿਰਾਸ਼ਾ ਭਰੇ ਕਦਮ ਉਠਾ ਰਹੇ ਹਨ। ਉਨ੍ਹਾਂ ਵੱਲੋਂ ਕੈਨੇਡਾ ਵਿਚ ਸ਼ਰਨ ਲੈਣ ਲਈ ਅਰਜ਼ੀਆਂ ਦਾਇਰ ਕੀਤੀਆਂ ਜਾ ਰਹੀਆਂ ਹਨ। ਇਕ ਰਿਪੋਰਟ ਮੁਤਾਬਕ ਇਕੱਲੇ ਕਾਂਸਟੋਗਾ ਕਾਲਜ ਵਿਚ ਇਕ ਸਾਲ ਦੇ ਅੰਦਰ ਅਜਿਹੇ ਦਾਅਵੇ ਸਾਢੇ ਚਾਰ ਗੁਣਾ ਵਧ ਗਏ ਹਨ। ਯਕੀਨਨ ਤੌਰ ’ਤੇ ਰਫਿਊਜ਼ੀ ਸ਼ਰਨ ਲੈਣ ਦਾ ਦਾਅਵਾ ਕਰਨਾ ਆਖ਼ਰੀ ਯਤਨ ਹੈ। ਕੁਝ ਵਿਦਿਆਰਥੀ ਅਰਜ਼ੀਆਂ ਵਿਚ ਇਹ ਕਹਿ ਰਹੇ ਹਨ ਕਿ ਭਾਰਤ ਵਿਚ ਉਨ੍ਹਾਂ ਨੂੰ ਗੈਂਗਸਟਰਾਂ ਤੋਂ ਖ਼ਤਰਾ ਹੈ, ਜਦਕਿ ਕੁਝ ਕਹਿ ਰਹੇ ਹਨ ਕੋਈ ਗੈਂਗਸਟਰ ਉਨ੍ਹਾਂ ਦੇ ਨਾਲ ਪੜ੍ਹਦਾ ਸੀ, ਪੁਲਸ ਉਨ੍ਹਾਂ ਨੂੰ ਪਰੇਸ਼ਾਨ ਕਰ ਰਹੀ ਹੈ। ਇਸ ਤੋਂ ਇਲਾਵਾ ਏਜੰਟਾਂ ਵੱਲੋਂ ਵੀ ਅਜਿਹੀਆਂ ਕਹਾਣੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ ਜੋ ਅਸਲ ਲੱਗਣ ਅਤੇ ਗੋਰਿਆਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ ਕਿਉਂਕਿ ਜਿਸ ਦੀ ਅਰਜ਼ੀ ਮਨਜ਼ੂਰ ਹੋ ਗਈ, ਉਸ ਦੀਆਂ ਪੌਂ ਬਾਰਾਂ ਹੋ ਜਾਣਗੀਆਂ ਅਤੇ ਜਿਸ ਦੀ ਅਰਜ਼ੀ ਨਾ ਮਨਜ਼ੂਰ ਹੋ ਗਈ, ਉਸ ਨੂੰ ‘ਗੋ ਬੈਕ’ ਹੋਣਾ ਪਵੇਗਾ ਅਤੇ ਫਿਰ ਕਦੇ ਮੁੜ ਕੈਨੇਡਾ ਦਾ ਮੂੰਹ ਨਹੀਂ ਦੇਖ ਸਕੇਗਾ। ਕੈਨੇਡਾ ਵਿਚ ਭਾਰਤ ਵੱਲੋਂ ਰਫਿਊਜ਼ੀ ਸ਼ਰਨ ਲੈਣ ਦੇ ਦਾਅਵੇ ਲਗਾਤਾਰ ਵੱਧ ਰਹੇ ਹਨ। ਸਾਲ 2022 ਵਿਚ ਲਗਭਗ 3500 ਦਾਅਵੇ ਕੀਤੇ ਗਏ ਸੀ, ਜਿਨ੍ਹਾਂ ਵਿਚੋਂ ਕਰੀਬ ਅੱਧੇ ਹੀ ਮਨਜ਼ੂਰ ਕੀਤੇ ਗਏ ਸੀ। ਸੋ ਮੌਜੂਦਾ ਸਮੇਂ ਲਗਾਏ ਗਏ ਰਫਿਊਜ਼ੀ ਸ਼ਰਨ ਦੇ ਦਾਅਵਿਆਂ ਦਾ ਕੀ ਹੋਵੇਗਾ,ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

# ਕੈਨੇਡਾ ’ਚ ਨਾਗਰਿਕਾਂ ਦੇ ਅਧਿਕਾਰਾਂ ਦੀ ਉਲੰਘਣਾ ਨੂੰ ਲੈ ਕੇ ਜਸਟਿਨ ਟਰੂਡੋ ਖ਼ਿਲਾਫ਼ ਕੋਰਟ ’ਚ ਮਾਮਲਾ ਦਾਇਰ



ਕੈਨੇਡਾ ’ਚ ਕੋਵਿਡ ਲਾਕਡਾਊਨ ਦੌਰਾਨ ਐਮਰਜੈਂਸੀ ਐਕਟ 1988 ਲਾਗੂ ਕਰਨ ਅਤੇ ਕਈ ਫ੍ਰੀਡਮ ਕੋਨਵੋਏ ਵਿਖਾਵਾਕਾਰੀਆਂ ਦੇ ਬੈਂਕ ਖਾਤੇ ਫ੍ਰੀਜ਼ ਕਰਨ ਦੇ ਮਾਮਲੇ ’ਚ ਪੀੜਤ ਕੈਨੇਡਿਆਈ ਲੋਕਾਂ ਦੇ ਇਕ ਸਮੂਹ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਫੈਡਰਲ ਸਰਕਾਰ, ਪੁਲਸ ਤੇ ਬੈਂਕਾਂ ਖਿਲਾਫ ਕਰੋੜਾਂ ਡਾਲਰ ਦੇ ਮੁਆਵਜ਼ੇ ਦੀ ਮੰਗ ਕਰਦੇ ਹੋਏ ਓਂਟਾਰੀਓ ਸੁਪੀਰੀਅਰ ਕੋਰਟ ਆਫ ਜਸਟਿਸ ’ਚ ਮੁਕੱਦਮਾ ਦਾਇਰ ਕੀਤਾ ਹੈ।ਪੀੜਤਾਂ ਦਾ ਕਹਿਣਾ ਹੈ ਕਿ ਸਰਕਾਰ ਦਾ ਇਹ ਕਦਮ ਉਨ੍ਹਾਂ ਦੇ ਸੁਰੱਖਿਆ ਚਾਰਟਰ ਅਧਿਕਾਰਾਂ ਦੇ ਖ਼ਿਲਾਫ਼ ਸੀ। ਮੁੱਦਈ ਹਰੇਕ ਨੂੰ 2.2 ਲੱਖ ਡਾਲਰ ਦਾ ਹਰਜਾਨਾ ਅਤੇ ਕਾਨੂੰਨੀ ਫੀਸ ਦੇਣ ਦੀ ਮੰਗ ਕਰ ਰਹੇ ਹਨ। ਪੀੜਤਾਂ ਨੇ ਬਚਾਅ ਧਿਰਾਂ ’ਤੇ ਗੈਰ-ਕਾਨੂੰਨੀ ਕੰਮ ਕਰਨ ਦੇ ਦੋਸ਼ ’ਚ 10 ਲੱਖ ਡਾਲਰ ਦਾ ਜੁਰਮਾਨਾ ਲਾਉਣ ਦੀ ਵੀ ਮੰਗ ਕੀਤੀ ਹੈ। ਮੁਕੱਦਮੇ ’ਚ ਟਰੂਡੋ ਦਾ ਨਾਂ ਨਿੱਜੀ ਤੌਰ ’ਤੇ ਸ਼ਾਮਲ ਹੈ। ਇਸ ਦੇ ਨਾਲ ਹੀ ਇਸ ਵਿਚ ਉਪ-ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ, ਸਾਬਕਾ ਮੰਤਰੀ ਮਾਰਕੋ ਮੈਂਡੀਸਿਨੋ ਤੇ ਡੇਵਿਡ ਲੈਮੇਟੀ ਅਤੇ ਟਰੂਡੋ ਦੇ ਉਸ ਵੇਲੇ ਦੇ ਕੌਮੀ ਸੁਰੱਖਿਆ ਤੇ ਖੁਫੀਆ ਸਲਾਹਕਾਰ ਜੋਡੀ ਥਾਮਸ ਵੀ ਸ਼ਾਮਲ ਹਨ।

# ਚੋਣ ਬਾਂਡ 'ਤੇ SC ਦਾ ਸਖ਼ਤ ਹੁਕਮ- ਹਰ ਜਾਣਕਾਰੀ ਦਾ ਖ਼ੁਲਾਸਾ ਕਰੇ SBI






ਬੈਂਚ ਵਿੱਚ ਜਸਟਿਸ ਸੰਜੀਵ ਖੰਨਾ, ਜਸਟਿਸ ਬੀਆਰ ਗਵਈ, ਜਸਟਿਸ ਜੇਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਹਨ। ਬੈਂਚ ਨੇ ਸੁਣਵਾਈ ਦੌਰਾਨ ਜ਼ੁਬਾਨੀ ਤੌਰ 'ਤੇ ਕਿਹਾ, 'ਅਸੀਂ ਐੱਸਬੀਆਈ ਨੂੰ ਚੋਣ ਬਾਂਡ ਨੰਬਰਾਂ ਸਮੇਤ ਸਾਰੀ ਜਾਣਕਾਰੀ ਦਾ ਖੁਲਾਸਾ ਕਰਨ ਲਈ ਕਿਹਾ ਸੀ। ਐੱਸਬੀਆਈ ਨੂੰ ਵੇਰਵਿਆਂ ਦਾ ਖੁਲਾਸਾ ਕਰਨ ਵਿੱਚ ਚੋਣਵੀਂ ਪਹੁੰਚ ਨਹੀਂ ਅਪਣਾਉਣੀ ਚਾਹੀਦੀ।'' ਪਿਛਲੇ ਹਫ਼ਤੇ ਅਦਾਲਤ ਨੇ ਦੇਸ਼ ਦੇ ਸਭ ਤੋਂ ਵੱਡੇ ਬੈਂਕ ਨੂੰ ਆਪਣੇ ਨਿਰਦੇਸ਼ਾਂ ਦੀ ਪਾਲਣਾ ਵਿੱਚ ਵਿਲੱਖਣ ਅਲਫ਼ਾ-ਨਿਊਮਰਿਕ ਨੰਬਰਾਂ ਦਾ ਖੁਲਾਸਾ ਨਾ ਕਰਨ ਲਈ ਇੱਕ 'ਕਾਰਨ ਦੱਸੋ' ਨੋਟਿਸ ਜਾਰੀ ਕੀਤਾ ਸੀ ਅਤੇ ਕਿਹਾ ਸੀ ਕਿ ਐਸਬੀਆਈ ਨੂੰ ਉਨ੍ਹਾਂ ਨੰਬਰਾਂ ਦਾ ਖੁਲਾਸਾ ਕਰਨ ਦੀ "ਡਿਊਟੀ ਬਾਊਂਡ" ਸੀ।

ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ ਭਾਰਤੀ ਸਟੇਟ ਬੈਂਕ (ਐੱਸਬੀਆਈ) ਚੋਣਵੀਂ ਪਹੁੰਚ ਨਹੀਂ ਅਪਣਾ ਸਕਦਾ ਹੈ ਅਤੇ ਉਸ ਨੂੰ ਚੋਣ ਬਾਂਡਾਂ ਬਾਰੇ ਸਾਰੀਆਂ "ਸੰਭਾਵਿਤ" ਜਾਣਕਾਰੀਆਂ ਦਾ ਆਉਣ ਵਾਲੇ ਦਿਨਾਂ ਵਿਚ ਖੁਲਾਸਾ ਕਰਨ ਦੀ ਚਿਤਾਵਨੀ ਦਿੱਤੀ ਹੈ। ਇਸ ਵਿੱਚ ਵਿਲੱਖਣ ਬਾਂਡ ਨੰਬਰ ਵੀ ਸ਼ਾਮਲ ਹਨ, ਜਿਸ ਨਾਲ ਖਰੀਦਦਾਰ ਅਤੇ ਪ੍ਰਾਪਤਕਰਤਾ ਰਾਜਨੀਤਿਕ ਦਲ ਦੇ ਵਿਚਕਾਰ ਸਿਆਸੀ ਮਤਭੇਦ ਦਾ ਖੁਲਾਸਾ ਹੋਵੇਗਾ। ਭਾਰਤ ਦੇ ਚੀਫ਼ ਜਸਟਿਸ (ਸੀਜੇਆਈ) ਡੀਵਾਈ ਚੰਦਰਚੂੜ ਦੀ ਅਗਵਾਈ ਵਾਲੀ ਪੰਜ ਜੱਜਾਂ ਦੀ ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਚੋਣ ਬਾਂਡ ਮਾਮਲੇ ਵਿੱਚ ਆਪਣੇ ਫ਼ੈਸਲੇ ਵਿੱਚ ਬੈਂਕ ਨੂੰ ਬਾਂਡਾਂ ਦੇ ਸਾਰੇ ਵੇਰਵਿਆਂ ਦਾ ਖੁਲਾਸਾ ਕਰਨ ਲਈ ਕਿਹਾ ਸੀ ਅਤੇ ਉਸ ਨੂੰ ਇਸ ਸਬੰਧ ਵਿਚ ਅਗਲੇ ਹੁਕਮਾਂ ਦੀ ਉਡੀਕ ਨਹੀਂ ਕਰਨੀ ਚਾਹੀਦੀ। ਪਰੀਮ ਕੋਰਟ ਨੇ ਚੋਣ ਬਾਂਡ ਮਾਮਲੇ ਵਿੱਚ ਉਦਯੋਗਿਕ ਸੰਸਥਾਵਾਂ, ਐਸੋਚੈਮ ਅਤੇ ਕਨਫੈਡਰੇਸ਼ਨ ਆਫ਼ ਇੰਡੀਅਨ ਇੰਡਸਟਰੀ (ਸੀਆਈਆਈ) ਦੀਆਂ ਗੈਰ-ਸੂਚੀਬੱਧ ਪਟੀਸ਼ਨਾਂ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਨੇ ਬਾਂਡ ਦੇ ਵੇਰਵਿਆਂ ਦਾ ਖੁਲਾਸਾ ਕਰਨ ਦੇ ਆਪਣੇ ਫ਼ੈਸਲੇ ਦੀ ਸਮੀਖਿਆ ਕਰਨ ਦੀ ਬੇਨਤੀ ਕਰਨ ਵਾਲੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ (ਐੱਸਸੀਬੀਏ) ਦੇ ਪ੍ਰਧਾਨ ਦੇ ਪੱਤਰ 'ਤੇ ਵਿਚਾਰ ਕਰਨ ਤੋਂ ਵੀ ਇਨਕਾਰ ਕਰ ਦਿੱਤਾ।

ਸੁਪਟੀਸ਼ਨਰ ਗੈਰ-ਲਾਭਕਾਰੀ ਸੰਸਥਾ ਵੱਲੋਂ ਪੇਸ਼ ਹੋਏ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਵੱਡੀਆਂ ਸਿਆਸੀ ਪਾਰਟੀਆਂ ਨੇ ਚੰਦਾ ਦੇਣ ਵਾਲਿਆਂ ਦੇ ਵੇਰਵੇ ਨਹੀਂ ਦਿੱਤੇ ਹਨ, ਸਿਰਫ਼ ਕੁਝ ਪਾਰਟੀਆਂ ਨੇ ਹੀ ਦਿੱਤੇ ਹਨ।ਸੁਪਰੀਮ ਕੋਰਟ ਨੇ 12 ਅਪ੍ਰੈਲ, 2019 ਨੂੰ ਇੱਕ ਅੰਤਰਿਮ ਆਦੇਸ਼ ਪਾਸ ਕਰਦੇ ਹੋਏ ਸਿਆਸੀ ਪਾਰਟੀਆਂ, ਉਹਨਾਂ ਦੁਆਰਾ ਪ੍ਰਾਪਤ ਕੀਤੇ ਚੰਦੇ ਅਤੇ ਹੋਰ ਦਾਨ ਇੱਕ ਸੀਲਬੰਦ ਕਵਰ ਵਿੱਚ ਚੋਣ ਕਮਿਸ਼ਨ ਨੂੰ ਦੇਣ ਲਈ ਕਿਹਾ। ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ 15 ਫਰਵਰੀ ਨੂੰ ਇਕ ਇਤਿਹਾਸਕ ਫ਼ੈਸਲਾ ਸੁਣਾਉਂਦੇ ਹੋਏ ਕੇਂਦਰ ਦੀ ਚੋਣ ਬਾਂਡ ਸਕੀਮ ਨੂੰ ਰੱਦ ਕਰ ਦਿੱਤਾ ਸੀ ਅਤੇ ਇਸ ਨੂੰ 'ਗੈਰ-ਸੰਵਿਧਾਨਕ' ਕਰਾਰ ਦਿੰਦੇ ਹੋਏ ਚੋਣ ਕਮਿਸ਼ਨ ਨੂੰ ਦਾਨ ਦੇਣ ਵਾਲਿਆਂ, ਦਾਨ ਦੇ ਰੂਪ ਵਿਚ ਦਿੱਤੀ ਗਈ ਰਾਸ਼ੀ ਅਤੇ ਪ੍ਰਾਪਤ ਕਰਨ ਵਾਲਿਆਂ ਦੀ ਸਮੀਖਿਆ 13 ਮਾਰਚ ਤੱਕ ਕਰਨ ਦੇ ਹੁਕਮ ਦਿੱਤੇ ਸਨ।

# ED ਸਾਹਮਣੇ ਪੇਸ਼ ਨਹੀਂ ਹੋਏ ਕੇਜਰੀਵਾਲ, ਹੁਣ ਇਸ ਮਾਮਲੇ 'ਚ ਭੇਜਿਆ ਸੀ ਸੰਮਨ

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਿੱਲੀ ਜਲ ਬੋਰਡ ਵਿਚ ਬੇਨਿਯਮੀਆਂ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਸੰਮਨ 'ਤੇ ਸੋਮਵਾਰ ਨੂੰ ਉਸ ਦੇ ਸਾਹਮਣੇ ਪੇਸ਼ ਨਹੀਂ ਹੋਏ। ਆਮ ਆਦਮੀ ਪਾਰਟੀ (ਆਪ) ਨੇ ਵੀ ਸੰਮਨ ਨੂੰ ਗੈਰ-ਕਾਨੂੰਨੀ ਦੱਸਿਆ ਅਤੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਕੇਜਰੀਵਾਲ ਨੂੰ ਨਿਸ਼ਾਨਾ ਬਣਾਉਣ ਲਈ ਈਡੀ ਦਾ ਇਸਤੇਮਾਲ ਕਰਨ ਦਾ ਦੋਸ਼ ਲਾਇਆ। ਕੇਂਦਰੀ ਏਜੰਸੀ ਨੇ ਦਿੱਲੀ ਜਲ ਬੋਰਡ (ਡੀ. ਜੇ. ਬੀ.) ਵਿਚ ਬੇਨਿਯਮੀਆਂ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਦੇ ਸਿਲਸਿਲੇ 'ਚ ਕੇਜਰੀਵਾਲ ਨੂੰ 18 ਮਾਰਚ ਯਾਨੀ ਕਿ ਅੱਜ ਪੁੱਛਗਿੱਛ ਲਈ ਬੁਲਾਇਆ ਸੀ। ਮਨੀ ਲਾਂਡਰਿੰਗ ਰੋਕੂ ਕਾਨੂੰਨ ਤਹਿਤ ਦਰਜ ਇਹ ਦੂਜਾ ਮਾਮਲਾ ਹੈ, ਜਿਸ ਵਿਚ ਕੇਜਰੀਵਾਲ ਨੂੰ ਸੰਮਨ ਭੇਜਿਆ ਗਿਆ ਹੈ। ਉਨ੍ਹਾਂ ਨੂੰ ਦਿੱਲੀ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਵੀ ਪੁੱਛਗਿੱਛ ਲਈ ਸੰਮਨ ਜਾਰੀ ਕੀਤਾ ਗਿਆ ਹੈ। ਕੇਜਰੀਵਾਲ ਇਸ ਮਾਮਲੇ ਵਿਚ ਹੁਣ ਤੱਕ 8 ਸੰਮਨਾਂ ਨੂੰ ਗੈਰ-ਕਾਨੂੰਨੀ ਦੱਸਦੇ ਹੋਏ ਏਜੰਸੀ ਸਾਹਮਣੇ ਪੇਸ਼ ਨਹੀਂ ਹੋਏ ਹਨ। ਕੇਜਰੀਵਾਲ ਨੂੰ ਇਸ ਮਾਮਲੇ ਵਿਚ 9ਵਾਂ ਸੰਮਨ ਜਾਰੀ ਕਰ ਕੇ ਈਡੀ ਨੇ 21 ਮਾਰਚ ਨੂੰ ਪੁੱਛਗਿੱਛ ਲਈ ਬੁਲਾਇਆ ਹੈ।



# ਹਿਮਾਚਲ ਪ੍ਰਦੇਸ਼ 'ਚ ਜ਼ਮੀਨ ਖਿਸਕਣ ਕਾਰਨ ਨੈਸ਼ਨਲ ਹਾਈਵੇਅ ਬੰਦ, ਸੜਕ ਦੇ ਦੋਹਾਂ ਪਾਸੇ ਫਸੇ ਵਾਹਨ

ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਦੇ ਸ਼ਾਮਲੇਚ ਪਿੰਡ ਨੇੜੇ ਸੋਮਵਾਰ ਸਵੇਰੇ ਜ਼ਮੀਨ ਖਿਸਕਣ ਕਾਰਨ ਨੈਸ਼ਨਲ ਹਾਈਵੇਅ5 ਬੰਦ ਹੋ ਗਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸੋਲਨ ਬਾਈਪਾਸ ਨੇੜੇ ਸ਼ਿਮਲਾ-ਕਾਲਕਾ ਰੋਡ 'ਤੇ ਸਵੇਰੇ ਕਰੀਬ 7.30 ਵਜੇ ਜ਼ਮੀਨ ਖਿਸਕ ਗਈ। ਇਸ ਘਟਨਾ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਰੂਟ 'ਤੇ ਆਵਾਜਾਈ 'ਚ ਵਿਘਨ ਪਿਆ ਹੈ। ਸੜਕ ਦੇ ਦੋਵੇਂ ਪਾਸੇ ਵਾਹਨ ਫਸ ਗਏ। ਇਸ ਦੇ ਨਾਲ ਹੀ ਸਥਾਨਕ ਪੁਲਸ ਨੇ ਵਾਹਨ ਚਾਲਕਾਂ ਨੂੰ ਵਾਪਸ ਜਾਣ ਅਤੇ ਪੁਰਾਣੇ ਬੜੋਗ ਮਾਰਗ 'ਤੇ ਜਾਣ ਲਈ ਕਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜ਼ਮੀਨ ਖਿਸਕਣ ਵਾਲੀ ਥਾਂ 'ਤੇ ਖੁਦਾਈ ਕਰਨ ਵਾਲੇ ਕਰਮਚਾਰੀ ਪਹੁੰਚ ਗਏ ਹਨ ਅਤੇ ਸਫ਼ਾਈ ਤੇ ਸੜਕ ਨੂੰ ਬਹਾਲ ਕਰਨ ਦਾ ਕੰਮ ਸ਼ੁਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਸੜਕ ਤੋਂ ਮਲਬਾ ਹਟਾ ਦਿੱਤਾ ਜਾਵੇਗਾ। ਹਾਲ ਹੀ ਦੇ ਦਿਨਾਂ 'ਚ ਹਿਮਾਚਲ ਪ੍ਰਦੇਸ਼ 'ਚ ਵੱਖ-ਵੱਖ ਥਾਵਾਂ 'ਤੇ ਬਰਫ਼ਬਾਰੀ ਅਤੇ ਮੀਂਹ ਕਾਰਨ ਪੰਜ ਨੈਸ਼ਨਲ ਹਾਈਵੇਅ ਸਮੇਤ ਕੁੱਲ 259 ਸੜਕਾਂ ਬੰਦ ਹੋ ਗਈਆਂ ਹਨ। ਸਟੇਟ ਐਮਰਜੈਂਸੀ ਆਪ੍ਰੇਸ਼ਨ ਸੈਂਟਰ ਨੇ ਕਿਹਾ ਕਿ ਲਾਹੌਲ ਅਤੇ ਸਪੀਤੀ 'ਚ ਸਭ ਤੋਂ ਵੱਧ 237 ਸੜਕਾਂ, ਕਿਨੌਰ ਵਿੱਚ 9, ਚੰਬਾ 'ਚ ਪੰਜ, ਕੁੱਲੂ ਵਿਚ ਚਾਰ, ਮੰਡੀ ਵਿਚ ਦੋ ਅਤੇ ਸ਼ਿਮਲਾ ਅਤੇ ਕਾਂਗੜਾ ਜ਼ਿਲ੍ਹਿਆਂ ਵਿਚ ਇਕ-ਇਕ ਸੜਕਾਂ ਜਾਮ ਹੋਈਆਂ।



# ਸ਼ਹੀਦ ਅੰਮ੍ਰਿਤਪਾਲ ਸਿੰਘ ਦਾ ਅੱਜ ਹੋਵੇਗਾ ਅੰਤਿਮ ਸੰਸਕਾਰ, DGP ਗੌਰਵ ਯਾਦਵ ਨੇ ਸ਼ਹਾਦਤ ਨੂੰ ਕੀਤਾ ਸਲਾਮ



ਥਾਣਾ ਮੁਕੇਰੀਆਂ ਅਧੀਨ ਪੈਂਦੇ ਪਿੰਡ ਮਨਸੂਰਪੁਰ ਮਹਿਤਪੁਰ ਵਿਖੇ ਸੀ. ਆਈ. ਏ. ਸਟਾਫ਼ ਹੁਸ਼ਿਆਰਪੁਰ ਵੱਲੋਂ ਇਕ ਨਸ਼ਾ ਸਮੱਗਲਰ ਸੁਖਵਿੰਦਰ ਸਿੰਘ ਰਾਣਾ ਪੁੱਤਰ ਜਰਨੈਲ ਸਿੰਘ ਵਾਸੀ ਮਨਸੂਰਪੁਰ ਨੂੰ ਫੜਨ ਲਈ ਛਾਪੇਮਾਰੀ ਕੀਤੀ ਗਈ। ਇਸ ਦੌਰਾਨ ਗੋਲ਼ੀ ਲੱਗਣ ਕਾਰਨ ਮੁਲਾਜ਼ਮ ਅੰਮ੍ਰਿਤਪਾਲ ਸਿੰਘ ਦੀ ਮੌਤ ਹੋ ਗਈ ਸੀ। ਉਥੇ ਹੀ ਸ਼ਹੀਦ ਹੋਏ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਡੀ. ਜੀ. ਪੀ. ਗੌਰਵ ਯਾਦਵ ਵੱਲੋਂ ਸ਼ਰਧਾਂਜਲੀ ਦਿੱਤੀ ਗਈ ਹੈ। ਉਨ੍ਹਾਂ ਟਵੀਟ ਕਰਦੇ ਹੋਏ ਕਿਹਾ ਕਿ ਡਿਊਟੀ ਦੌਰਾਨ ਹੁਸ਼ਿਆਰਪੁਰ ਪੁਲਸ ਦੇ ਸੀ.ਆਈ.ਏ. ਸਟਾਫ਼ ਦੇ ਸ਼ਹੀਦ ਹੋਏ ਮੁਲਾਜ਼ਮ ਅੰਮ੍ਰਿਤਪਾਲ ਸਿੰਘ ਨੂੰ ਸਲਾਮ। ਅਸੀਂ ਦੁੱਖ ਦੇ ਸਮੇਂ ਵਿਚ ਉਨ੍ਹਾਂ ਦੇ ਪਰਿਵਾਰ ਦੇ ਨਾਲ ਖੜ੍ਹੇ ਹਾਂ ਅਤੇ ਉਨ੍ਹਾਂ ਦਾ ਸਮਰਥਨ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਸਾਡੀਆਂ ਪ੍ਰਾਥਨਾਵਾਂ ਉਨ੍ਹਾਂ ਦੇ ਪਰਿਵਾਰ ਦੇ ਨਾਲ ਹਨ। ਇਥੇ ਇਹ ਵੀ ਦੱਸ ਦੇਈਏ ਕਿ ਜਿਵੇਂ ਹੀ ਅੰਮ੍ਰਿਤਪਾਲ ਸਿੰਘ ਦੇ ਸ਼ਹੀਦ ਹੋਣ ਦਾ ਪਤਾ ਪਰਿਵਾਰ ਨੂੰ ਲੱਗਾ ਤਾਂ ਪਰਿਵਾਰ ਵਿਚ ਸੋਗ ਦੀ ਲਹਿਰ ਦੌੜ ਪਈ। ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੋਇਆ ਪਿਆ ਹੈ।

ਅੰਮ੍ਰਿਤਪਾਲ ਸਿੰਘ ਦਾ ਅੱਜ ਅੰਤਿਮ ਸੰਸਕਾਰ ਕਰ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਬੀਤੇ ਦਿਨ ਪਿੰਡ ਮਨਸੂਰਪੁਰ ਮਹਿਤਪੁਰ ਵਿਖੇ ਸੀ. ਆਈ. ਏ. ਸਟਾਫ਼ ਹੁਸ਼ਿਆਰਪੁਰ ਵੱਲੋਂ ਇਕ ਨਸ਼ਾ ਸਮੱਗਲਰ ਸੁਖਵਿੰਦਰ ਸਿੰਘ ਰਾਣਾ ਪੁੱਤਰ ਜਰਨੈਲ ਸਿੰਘ ਵਾਸੀ ਮਨਸੂਰਪੁਰ ਨੂੰ ਫੜਨ ਲਈ ਛਾਪੇਮਾਰੀ ਕੀਤੀ ਗਈ ਸੀ। ਇਸ ਦੌਰਾਨ ਗੋਲ਼ੀ ਲੱਗਣ ਕਾਰਨ ਮੁਲਾਜ਼ਮ ਅੰਮ੍ਰਿਤਪਾਲ ਸਿੰਘ ਦੀ ਮੌਤ ਹੋ ਗਈ ਸੀ। ਜਦੋਂ ਸੀ. ਆਈ. ਏ. ਸਟਾਫ਼ ਦੇ ਇੰਚਾਰਜ ਲਖਵੀਰ ਸਿੰਘ ਅਤੇ ਪੁਲਸ ਮੁਲਾਜ਼ਮਾਂ ਨੇ ਸੁਖਵਿੰਦਰ ਸਿੰਘ ਰਾਣਾ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਫਾਇਰਿੰਗ ਕਰ ਦਿੱਤੀ। ਸਿੱਟੇ ਵੱਜੋਂ ਪੁਲਸ ਮੁਲਾਜ਼ਮ ਅੰਮ੍ਰਿਤਪਾਲ ਸਿੰਘ ਪੁੱਤਰ ਹਰਮਿੰਦਰ ਸਿੰਘ ਵਾਸੀ ਪਿੰਡ ਜੰਡੌਰ ਦੀ ਛਾਤੀ ਵਿਚ ਗੋਲ਼ੀ ਲੱਗੀ। ਇਸ ਮੌਕੇ ਮੁਲਜ਼ਮ ਨੇ ਇਕ ਹੋਰ ਗੋਲੀ ਚਲਾਈ ਪਰ ਮੁਲਾਜ਼ਮ ਵਾਲ-ਵਾਲ ਬਚ ਗਏ। ਇਸ ਮੌਕੇ ਮੁਲਜ਼ਮ ਭੱਜਣ ਵਿਚ ਸਫਲ ਹੋ ਗਿਆ।

# ਸ਼੍ਰੋਮਣੀ ਅਕਾਲੀ ਦਲ ਨੇ 22 ਮਾਰਚ ਨੂੰ ਸੱਦੀ ਕੋਰ ਕਮੇਟੀ ਦੀ ਮੀਟਿੰਗ, ਸੁਖਬੀਰ ਬਾਦਲ ਦੀ ਅਗਵਾਈ 'ਚ ਹੋਵੇਗੀ ਬੈਠਕ



ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਨੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਇਸ ਹਫ਼ਤੇ ਕੋਰ ਕਮੇਟੀ ਦੀ ਮੀਟਿੰਗ ਸੱਦੀ ਹੈ। ਇਹ ਮੀਟਿੰਗ 22 ਮਾਰਚ ਨੂੰ ਬਾਅਦ ਦੁਪਹਿਰ 2.30 ਵਜੇ ਪਾਰਟੀ ਦੇ ਚੰਡੀਗੜ੍ਹ ਸਥਿਤ ਮੁੱਖ ਦਫਤਰ ਵਿਖੇ ਹੋਵੇਗੀ। ਇਸ ਮੀਟਿੰਗ ਦੀ ਜਾਣਕਾਰੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਐਕਸ 'ਤੇ ਪੋਸਟ ਕਰਕੇ ਦਿੱਤੀ ਹੈ। ਦਲਜੀਤ ਸਿੰਘ ਚੀਮਾ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਐਕਸ 'ਤੇ ਪੋਸਟ ਵਿੱਚ ਲਿਖਿਆ ਹੈ ਕਿ ਮੀਟਿੰਗ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਵੇਗੀ। ਇਸ ਮੀਟਿੰਗ ਵਿੱਚ ਲੋਕ ਸਭਾ ਚੋਣਾਂ ਦੀ ਰਣਨੀਤੀ ਨੂੰ ਵਿਸਥਾਰ ਨਾਲ ਅੰਤਿਮ ਰੂਪ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਬੈਠਕ 'ਚ ਦੇਸ਼ ਦੀ ਮੌਜੂਦਾ ਸਿਆਸੀ ਸਥਿਤੀ 'ਤੇ ਚਰਚਾ ਕੀਤੀ ਜਾਵੇਗੀ। ਇਸ ਮੀਟਿੰਗ ਵਿੱਚ ਪਾਰਟੀ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਆਪਣੀ ਰਣਨੀਤੀ ਬਣਾਏਗੀ। ਇਸ ਦੇ ਨਾਲ ਹੀ ਮੰਨਿਆ ਜਾ ਰਿਹਾ ਹੈ ਕਿ ਇਸ ਬੈਠਕ 'ਚ ਭਾਜਪਾ ਨਾਲ ਗਠਜੋੜ ਬਾਰੇ ਵੀ ਫੈਸਲਾ ਲਿਆ ਜਾ ਸਕਦਾ ਹੈ। ਉਮੀਦਵਾਰਾਂ ਬਾਰੇ ਵੀ ਵਿਚਾਰ ਚਰਚਾ ਹੋਵੇਗੀ। ਹਾਲਾਂਕਿ ਹੁਣ ਤੱਕ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਪੰਜਾਬ ਬਚਾਓ ਯਾਤਰਾ 'ਤੇ ਹਨ।

# ਅੰਮ੍ਰਿਤਸਰ ਦੀ ਨੁਹਾਰ ਬਦਲਣ 'ਚ ਸਾਬਕਾ ਰਾਜਦੂਤ ਸੰਧੂ ਦੀ ਪਹਿਲਕਦਮੀ, ਸ਼ਹਿਰ 'ਚ ਖੁੱਲ੍ਹਣਗੇ ਅਮਰੀਕਨ ਕੌਂਸਲੇਟ

ਅੰਮ੍ਰਿਤਸਰ ਨੂੰ ਨੇੜੇ ਭਵਿੱਖ 'ਚ ਇਕ ਵੱਡੀ ਖੁਸ਼ ਖ਼ਬਰ ਮਿਲਣ ਜਾ ਰਹੀ ਹੈ। ਸ਼ਹਿਰ ਦੇ ਨੁਹਾਰ ਬਦਲਣ 'ਚ ਲੱਗੇ ਗੁਰੂ ਨਗਰੀ ਦੇ ਸਪੂਤ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਬੀਤੇ ਦਿਨ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨਾਲ ਮੁਲਾਕਾਤ ਕਰਨ ਤੋਂ ਬਾਅਦ ਕਿਹਾ ਅੰਮ੍ਰਿਤਸਰ 'ਚ ਬਹੁਤ ਜਲਦ ਇਕ ਅਮਰੀਕਨ ਕੌਂਸਲੇਟ ਖੁੱਲ੍ਹਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਦੀ ਸਰਕਾਰ ਵੱਲੋਂ ਭਾਰਤ 'ਚ ਦੋ ਹੋਰ ਨਵੇਂ ਕੌਂਸਲੇਟ ਖੋਲ੍ਹੇ ਜਾਣੇ ਹਨ, ਜਿਸ ਵਿਚੋਂ ਇਕ ਅੰਮ੍ਰਿਤਸਰ 'ਚ ਖੁੱਲ੍ਹਵਾਉਣ ਦੀ ਭਾਰਤੀ ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ ਨੇ ਹਾਮੀ ਭਰੀ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ 'ਚ ਅਮਰੀਕਨ ਕੌਂਸਲੇਟ ਦੇ ਖੁੱਲ੍ਹਣ ਨਾਲ ਸਰਹੱਦੀ ਇਲਾਕੇ ਦੇ ਲੋਕਾਂ ਨੂੰ ਇੱਥੋਂ ਹੀ ਵੀਜ਼ੇ ਹਾਸਲ ਕਰਨ, ਵਪਾਰੀਆਂ ਨੂੰ ਆਪਣੇ ਕਾਰੋਬਾਰਾਂ ਨੂੰ ਵਧਾਉਣ ਅਤੇ ਦੋਹਾਂ ਦੇਸ਼ਾਂ ਦੇ ਲੋਕਾਂ ਨੂੰ ਆਪਸ ਵਿਚ ਜੁੜਨ ਪ੍ਰਤੀ ਬਹੁਤ ਸਾਰੀਆਂ ਸਹੂਲਤਾਂ ਮਿਲਣਗੀਆਂ। ਇਕ ਰਾਜਦੂਤ ਵਜੋਂ ਤਰਨਜੀਤ ਸਿੰਘ ਸੰਧੂ ਨੇ ਅਮਰੀਕਾ 'ਚ ਆਪਣੀ ਸੇਵਾਕਾਲ ਦੇ ਨਵੰਬਰ, 2023 ਦੌਰਾਨ ਅਮਰੀਕਾ ਦੇ ਸੀਆਟਲ ਵਿਚ ਭਾਰਤੀ ਕੌਂਸਲੇਟ ਖੋਲ੍ਹਣ ਦਾ ਮਾਣ ਹਾਸਲ ਕੀਤਾ । ਇਥੇ ਕੌਂਸਲੇਟ ਖੋਲ੍ਹਣ ਦਾ ਫ਼ੈਸਲਾ 7 ਵਰ੍ਹੇ ਪਹਿਲਾਂ 2016 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਤਤਕਾਲੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਲਿਆ ਗਿਆ ਸੀ।

ਦੋਹਾਂ ਦੇਸ਼ਾਂ 'ਚ ਨਵੇਂ ਕੌਂਸਲੇਟ ਖੋਲ੍ਹਣ ਦੀ ਪਰਸਪਰ ਯੋਜਨਾ ਤਹਿਤ ਸੰਯੁਕਤ ਰਾਜ ਅਮਰੀਕਾ ਵੱਲੋਂ ਭਾਰਤ 'ਚ ਦੋ ਨਵੇਂ ਕੌਂਸਲੇਟ ਖੋਲ੍ਹੇ ਜਾਣੇ ਹਨ। ਇਸ ਤੋਂ ਪਹਿਲਾਂ ਰਾਜਦੂਤ ਸੰਧੂ ਸੋਵੀਅਤ ਯੂਨੀਅਨ ਦੇ ਵਿਖੰਡਨ ਤੋਂ ਬਾਅਦ 1992 'ਚ ਯੂਕ੍ਰੇਨ ਦੀ ਰਾਜਧਾਨੀ ਕੀਵ 'ਚ ਭਾਰਤੀ ਦੂਤਾਵਾਸ ਖੋਲ੍ਹਣ ਦਾ ਮਾਣ ਹਾਸਲ ਕਰ ਚੁੱਕੇ ਹਨ। ਸਰਦਾਰ ਸੰਧੂ ਨੇ ਵਿਦੇਸ਼ ਮੰਤਰੀ ਡਾ. ਜੈਸ਼ੰਕਰ ਨਾਲ ਅੰਮ੍ਰਿਤਸਰ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਕਾਰਗੋ ਸੇਵਾਵਾਂ ਸ਼ੁਰੂ ਕਰਨ ਅਤੇ ਏਅਰ ਕੁਨੈਕਟੀਵਿਟੀ ਵਧਾਉਣ ਬਾਰੇ ਵੀ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਇੱਥੋਂ ਅਮਰੀਕਾ, ਕੈਨੇਡਾ , ਯੂਰਪੀਅਨ ਅਤੇ ਖਾੜੀ ਦੇਸ਼ਾਂ ਨਾਲ ਏਅਰ ਕੁਨੈਕਟੀਵਿਟੀ ਵਧਾਏ ਜਾਣ ਦੀਆਂ ਅਸੀਮ ਸੰਭਾਵਨਾਵਾਂ ਹਨ। ਕਾਰਗੋ ਸਹੂਲਤਾਂ ਨਾਲ ਵਪਾਰੀਆਂ, ਕਾਰੋਬਾਰੀਆਂ ਅਤੇ ਕਿਸਾਨਾਂ ਨੂੰ ਫਲ਼ ਫਰੂਟ ਅਤੇ ਸਬਜ਼ੀਆਂ ਵਿਦੇਸ਼ੀ ਮੰਡੀ ਤਕ ਪਹੁੰਚਾਉਣ ਦੀ ਸਹੂਲਤ ਮਿਲੇਗੀ, ਜਿਸ ਨਾਲ ਉਨ੍ਹਾਂ ਦੀ ਆਮਦਨੀ 'ਚ ਭਾਰੀ ਵਾਧਾ ਹੋ ਸਕੇਗਾ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਇਕ ਧਾਰਮਿਕ ਕੇਂਦਰ ਹੀ ਨਹੀਂ, ਇਹ ਸਭਿਆਚਾਰਕ, ਸੈਰ ਸਪਾਟਾ, ਉਦਯੋਗਿਕ ਅਤੇ ਵਪਾਰਕ ਕੇਂਦਰ ਵੀ ਹੈ। ਇਥੇ ਹੁਨਰਮੰਦ ਨੌਜਵਾਨਾਂ ਦੀ ਕੋਈ ਕਮੀ ਨਹੀਂ। ਸਰਦਾਰ ਸੰਧੂ ਨੇ ਡਾ. ਜੈਸ਼ੰਕਰ ਨਾਲ ਵਿਦੇਸ਼ਾਂ 'ਚ ਪੜ੍ਹਾਈ ਅਤੇ ਕੰਮ ਕਰਨ ਲਈ ਗਈ ਨੌਜਵਾਨੀ ਦੀ ਸਥਿਤੀ ਤੋਂ ਇਲਾਵਾ ਅਮਰੀਕਨ ਕੰਪਨੀਆਂ ਐਮਾਜ਼ੋਨ, ਮਾਈਕ੍ਰੋਸਾਫਟ, ਬੋਇੰਗ, ਟਰੈਵਲ ਕੰਪਨੀ ਐਕਸਪੀਡੀਆ, ਲਗਜ਼ਰੀ ਫੈਸ਼ਨ ਰਿਟੇਲਰ ਨੌਰਡਸਟ੍ਰੋਮ ਸਮੇਤ ਪ੍ਰਮੁੱਖ ਇੰਜੀਨੀਅਰਿੰਗ ਕੰਪਨੀਆਂ ਅਤੇ ਹੋਰ ਵੱਡੀਆਂ ਤਕਨੀਕੀ ਕੰਪਨੀਆਂ ਤੋਂ ਅੰਮ੍ਰਿਤਸਰ 'ਚ ਪੂੰਜੀ ਨਿਵੇਸ਼ ਕਰਾਉਣ ਬਾਰੇ ਵਿਚਾਰਾਂ ਕੀਤੀਆਂ ਗਈਆਂ।



# ਸ਼ਾਹਰੁਖ ਦੀ ਧੀ ਸੁਹਾਨਾ ਖ਼ਾਨ ਨੇ ਬਾਥਟਬ ਚ ਨਹਾਉਂਦੇ ਹੋਏ ਦਿੱਤੇ ਪੋਜ਼, ਪਲਾਂ ਚ ਵਾਇਰਲ ਹੋ ਗਈਆਂ ਤਸਵੀਰਾਂ



ਬਾਲੀਵੁੱਡ ਅਦਾਕਾਰ ਸ਼ਾਹਰੁਖ ਖ਼ਾਨ ਦੀ ਧੀ ਸੁਹਾਨਾ ਖ਼ਾਨ ਹਮੇਸ਼ਾ ਆਪਣੇ ਲੁੱਕ ਅਤੇ ਸਟਾਈਲ ਨਾਲ ਪ੍ਰਸ਼ੰਸਕਾਂ ਦਾ ਧਿਆਨ ਖਿੱਚਦੀ ਹੈ। ਹਾਲ ਹੀ 'ਚ ਸੁਹਾਨਾ ਖ਼ਾਨ ਨੇ ਬਾਥਟਬ 'ਚ ਬੈਠ ਕੇ ਨਹਾਉਂਦੇ ਹੋਏ ਇੱਕ ਹੌਟ ਫੋਟੋਸ਼ੂਟ ਕਰਵਾਇਆ ਹੈ, ਜਿਸ ਦੀਆਂ ਤਸਵੀਰਾਂ ਅਤੇ ਕੁਝ ਵੀਡੀਓਜ਼ ਉਸ ਨੇ ਹੁਣ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਸ਼ੇਅਰ ਕੀਤੀਆਂ ਹਨ। ਇਨ੍ਹਾਂ 'ਚ ਸੁਹਾਨਾ ਆਪਣੇ ਸਰੀਰ 'ਤੇ ਸਾਬਣ ਲਗਾਉਂਦੀ ਨਜ਼ਰ ਆ ਰਹੀ ਹੈ। ਇਸ ਦੌਰਾਨ ਸੁਹਾਨਾ ਨੇ ਕੈਮਰੇ ਵੱਲ ਵੇਖ ਕੇ ਖ਼ੂਬ ਪੋਜ਼ ਦਿੱਤੇ। ਵੀਡੀਓ 'ਚ ਸੁਹਾਨਾ ਹਲਕੇ ਮੇਕਅੱਪ ਅਤੇ ਜੂੜੇ 'ਚ ਬੰਨ੍ਹੇ ਵਾਲਾਂ 'ਚ ਬੇਹੱਦ ਖ਼ੂਬਸੂਰਤ ਲੱਗ ਰਹੀ ਹੈ। ਜਿੱਥੇ ਕੁਝ ਪ੍ਰਸ਼ੰਸਕ ਅਭਿਨੇਤਰੀ ਦੀਆਂ ਇਹ ਹਰਕਤਾਂ ਦੇਖ ਕੇ ਹੈਰਾਨ ਹਨ। ਉਥੇ ਹੀ ਕੁਝ ਲੋਕ ਉਸ ਦੇ ਇਸ ਅੰਦਾਜ਼ ਨੂੰ ਲੈ ਕੇ ਕਾਫ਼ੀ ਟਰੋਲ ਵੀ ਕਰ ਰਹੇ ਹਨ। ਸੁਹਾਨਾ ਦੀਆਂ ਇਹ ਤਸਵੀਰਾਂ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋ ਰਹੀਆਂ ਹਨ। ਵਰਕ ਫਰੰਟ ਦੀ ਗੱਲ ਕਰੀਏ ਤਾਂ ਸੁਹਾਨਾ ਖ਼ਾਨ ਜ਼ੋਇਆ ਅਖਤਰ ਦੀ ਫ਼ਿਲਮ 'ਦਿ ਆਰਚੀਜ਼' 'ਚ ਨਜ਼ਰ ਆਈ ਸੀ। ਜਿਸ 'ਚ ਉਸ ਨਾਲ ਅਗਸਤਿਆ ਨੰਦਾ ਅਤੇ ਖੁਸ਼ੀ ਕਪੂਰ ਵੀ ਨਜ਼ਰ ਆਏ ਸਨ। ਸੁਹਾਨਾ ਸ਼ਾਰਟ ਫ਼ਿਲਮ 'ਦਿ ਗ੍ਰੇ ਪਾਰਟ' 'ਚ ਵੀ ਕੰਮ ਕਰ ਚੁੱਕੀ ਹੈ। ਖ਼ਬਰਾਂ ਹਨ ਕਿ ਹੁਣ ਸੁਹਾਨਾ ਬਹੁਤ ਜਲਦ ਵੱਡੇ ਪਰਦੇ 'ਤੇ ਡੈਬਿਊ ਕਰਨ ਜਾ ਰਹੀ ਹੈ।

# ਰਾਸ਼ਟਰੀ ਪੁਰਸਕਾਰ ਜੇਤੂ ਸ਼ੂਜੀਤ ਸਰਕਾਰ ਨੇ ਆਪਣੀ ਅਗਲੀ ਫਿਲਮ ਦਾ ਕੀਤਾ ਐਲਾਨ



'ਸਰਦਾਰ ਊਧਮ' ਦੀ ਜ਼ਬਰਦਸਤ ਸਫਲਤਾ ਤੋਂ ਬਾਅਦ, ਜਿਸ ਨੇ 2023 ਵਿਚ ਪੰਜ ਰਾਸ਼ਟਰੀ ਪੁਰਸਕਾਰ ਜਿੱਤੇ, ਦੇ ਫਿਲਮ ਨਿਰਮਾਤਾ ਸ਼ੂਜੀਤ ਸਰਕਾਰ 2024 ਵਿਚ ਆਪਣੀ ਨਵੀਂ ਫਿਲਮ ਨਾਲ ਸਿਲਵਰ ਸਕ੍ਰੀਨ 'ਤੇ ਵਾਪਸੀ ਕਰ ਰਹੇ ਹਨ। ਸ਼ੂਜੀਤ ਸਰਕਾਰ ਨੇ ਕਈ ਪ੍ਰਸਿੱਧ ਤੇ ਵਿਲੱਖਣ ਫਿਲਮਾਂ ਦੇ ਕੇ ਖੁਦ ਨੂੰ ਇਕ ਬੇਮਿਸਾਲ ਫਿਲਮ ਮੇਕਰ ਵਜੋਂ ਸਥਾਪਤ ਕੀਤਾ ਹੈ। ਸ਼ੂਜੀਤ ਸਰਕਾਰ ਦੀ ਅਗਲੀ ਫਿਲਮ ਉਨ੍ਹਾਂ ਦੇ ਬੈਨਰ 'ਰਾਈਜ਼ਿੰਗ ਸਨ ਫਿਲਮਸ' ਦੇ ਤਹਿਤ ਬਣੀ ਹੈ, ਨੇ ਹਾਲ ਹੀ ਵਿਚ ਸ਼ੂਟਿੰਗ ਪੂਰੀ ਕੀਤੀ ਹੈ। ਹਾਲ ਹੀ ਵਿਚ ਇਕ ਪ੍ਰਮੁੱਖ ਪੋਰਟਲ ਨਾਲ ਇੰਟਰਵਿਊ ਵਿਚ ਇਸ ਪ੍ਰਾਜੈਕਟ ਬਾਰੇ ਗੱਲ ਕਰਦੇ ਹੋਏ ਸਰਕਾਰ ਨੇ ਆਪਣੀ ਕਮਿਟਮੈਂਟ ਜਤਾਈ ਕਿ ਉਹ ਆਪਣੀਆਂ ਸਾਰੀਆਂ ਫਿਲਮਾਂ ਰਾਹੀਂ ਦੁਨੀਆ ਭਰ ਦੇ ਦਰਸ਼ਕਾਂ ਤੱਕ ਪਹੁੰਚਣਾ ਚਾਹੁੰਦਾ ਹੈ। ਉਨ੍ਹਾਂ ਕਿਹਾ, 'ਮੇਰੀ ਅਗਲੀ ਫਿਲਮ ਵੀ ਇਸ ਉਦੇਸ਼ ਨਾਲ ਬਣਾਈ ਗਈ ਹੈ। ਇਹ ਤੁਹਾਨੂੰ ਇਕ ਆਮ ਆਦਮੀ ਦੀ ਜ਼ਿੰਦਗੀ ਅਤੇ ਉਸ ਦੀ ਐਕਸਟਰਾ ਆਰਡਨਰੀ ਯਾਤਰਾ ਵਿਚ ਲੈ ਜਾਵੇਗੀ।

# ਪੰਜਾਬੀ ਅਦਾਕਾਰਾ ਨੀਰੂ ਬਾਜਵਾ ਅੰਮ੍ਰਿਤਸਰ ਅਦਾਲਤ 'ਚ ਹੋਈ ਪੇਸ਼

ਪਿਛਲੇ ਸਾਲ ਰਿਲੀਜ਼ ਹੋਈ ਪੰਜਾਬੀ ਫ਼ਿਲਮ 'ਬੂਹੇ ਬਾਰੀਆਂ' ਨੂੰ ਲੈ ਕੇ ਲਗਾਤਾਰ ਵਿਵਾਦ ਚੱਲ ਰਿਹਾ ਹੈ। ਦਰਅਸਲ, ਇਸ ਫ਼ਿਲਮ ਦੇ ਕੁਝ ਸ਼ਬਦਾਂ ਨੂੰ ਲੈ ਕੇ ਵਾਲਮੀਕ ਭਾਈਚਾਰੇ ਵਲੋਂ ਇਤਰਾਜ਼ ਜਤਾਇਆ ਗਿਆ, ਜਿਸ 'ਚ ਉਨ੍ਹਾਂ ਦਾ ਕਹਿਣਾ ਕਿ ਫ਼ਿਲਮ 'ਚ ਵਾਲਮੀਕ ਸਮਾਜ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਹਾਲਾਂਕਿ ਬਾਅਦ 'ਚ ਫ਼ਿਲਮ ਨਾਲ ਜੁੜੇ ਕਲਾਕਾਰਾਂ ਵੱਲੋਂ ਇਸ 'ਤੇ ਮੁਆਫੀ ਵੀ ਮੰਗੀ ਗਈ। ਦੱਸ ਦਈਏ ਕਿ ਅੱਜ 'ਬੂਹੇ ਬਾਰੀਆਂ' ਫ਼ਿਲਮ ਦੀ ਅਦਾਕਾਰਾ ਨੀਰੂ ਬਾਜਵਾ ਅੰਮ੍ਰਿਤਸਰ ਅਦਾਲਤ 'ਚ ਪੇਸ਼ ਹੋਈ। ਇਸ ਦੌਰਾਨ ਫ਼ਿਲਮ ਲੇਖਕ ਜਗਦੀਪ ਵੜਿੰਗ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਅਦਾਕਾਰਾ ਨੀਰੂ ਬਾਜਵਾ ਅਤੇ ਜਗਦੀਪ ਵੜਿੰਗ ਨੇ ਕਿਹਾ ਕਿ ਅਸੀ ਅਦਾਲਤ 'ਚ ਮੁਆਫੀ ਮੰਗੀ ਹੈ। ਅਸੀ ਸੋਸ਼ਲ ਮੀਡੀਆ ਤੇ ਵੀ ਮੁਆਫੀ ਮੰਗੀ ਹੈ। ਰਾਮ ਤੀਰਥ ਮੰਦਰ 'ਚ ਜਾ ਕੇ ਵੀ ਮੁਆਫੀ ਮੰਗੀ ਹੈ। ਜਗਦੀਪ ਵੜਿੰਗ ਨੇ ਕਿਹਾ ਕਿ ਕੁਝ ਲੋਕਾਂ ਨੂੰ ਫ਼ਿਲਮ 'ਚ ਵਰਤੇ ਗਏ ਸ਼ਬਦਾਂ 'ਤੇ ਇਤਰਾਜ਼ ਸੀ। ਅਸੀ ਕਿਸੇ ਦਾ ਦਿਲ ਨਹੀ ਦੁਖਾਉਣਾ ਨਹੀ ਚਾਹੁੰਦੇ ਸੀ। ਦੱਸਣਯੋਗ ਹੈ ਕਿ ਪੰਜਾਬੀ ਫ਼ਿਲਮ 'ਬੂਹੇ ਬਾਰੀਆਂ' ਦਾ ਵਿਰੋਧ ਕਰਨ ਵਾਲਿਆਂ ਦਾ ਤਰਕ ਸੀ ਕਿ ਫ਼ਿਲਮ 'ਚ ਉੱਚੀ ਤੇ ਨੀਵੀਂ ਜਾਤੀ ਦੇ ਕਿਰਦਾਰ ਦਿਖਾਏ ਗਏ ਹਨ ਕਿ ਜਿਹੜੇ ਛੋਟੀ ਜਾਤ ਦੇ ਲੋਕ ਨੇ, ਉਹ ਗੋਹਾ ਕੂੜਾ ਚੁੱਕਣ ਵਾਲੇ ਲੋਕ ਹਨ ਤੇ ਉਹ ਕਦੇ ਸਰਪੰਚੀ ਦੀ ਚੋਣ ਨਹੀਂ ਲੜ ਸਕਦੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਫੂਲਨ ਦੇਵੀ ਨੂੰ ਵੀ ਇਸ ਫ਼ਿਲਮ 'ਚ ਗ਼ਲਤ ਦਿਖਾਇਆ ਗਿਆ ਹੈ, ਜਦਕਿ ਫ਼ਿਲਮ ਦੇ ਅਦਾਕਾਰਾਂ ਨੂੰ ਫੂਲਨ ਦੇਵੀ ਦਾ ਇਤਿਹਾਸ ਪਤਾ ਕਰ ਲੈਣਾ ਚਾਹੀਦਾ ਸੀ।

ਇਸ ਦੇ ਨਾਲ ਹੀ ਆਗੂਆਂ ਦਾ ਕਹਿਣਾ ਕਿ ਜਦੋਂ ਸਾਡੇ ਬੱਚੇ ਅਜਿਹੀਆਂ ਫ਼ਿਲਮਾਂ ਦੇਖਣਗੇ ਤਾਂ ਉਨ੍ਹਾਂ 'ਤੇ ਵੀ ਮਾੜਾ ਪ੍ਰਭਾਵ ਪਵੇਗਾ। ਉੱਥੇ ਹੀ ਮੁੱਖ ਸ਼ਿਕਾਇਤ ਕਰਤਾ ਸਿਮਰਨ ਤੇ ਅਮਨ ਵੱਲੋਂ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਪੰਜਾਬੀ ਫ਼ਿਲਮ 'ਬੂਹੇ ਬਾਰੀਆਂ' 'ਚੋਂ ਪਿਛਲੇ ਸਮੇਂ 'ਚ ਰਿਲੀਜ਼ ਹੋਈ ਸੀ, ਜਿਸ 'ਚ 'ਬੂਹੇ ਬਾਰੀਆਂ' ਦੇ ਟਰੈਕਟਰ ਤੇ ਫ਼ਿਲਮ ਦੀ ਅਦਾਕਾਰਾ ਨੀਰੂ ਬਾਜਵਾ ਖ਼ਿਲਾਫ਼ ਸਾਡੇ ਵੱਲੋਂ ਰੋਸ਼ ਪ੍ਰਦਰਸ਼ਨ ਕੀਤਾ ਗਿਆ ਸੀ। ਜਿਸ ਦੇ ਚਲਦੇ ਪੁਲਸ ਵਲੋਂ ਮਾਮਲਾ ਦਰਜ ਕਰਨਾ ਪਿਆ ਤੇ ਅੱਜ ਉਨ੍ਹਾਂ ਦੀ ਤਾਰੀਖ ਸੀ। ਇਸ ਫ਼ਿਲਮ 'ਚ ਨੀਰੂ ਬਾਜਵਾ ਵੱਲੋਂ ਸਾਡੇ ਭਾਈਚਾਰੇ ਦੀਆਂ ਧੀਆਂ ਤੇ ਭੈਣਾਂ ਖ਼ਿਲਾਫ਼ ਗਲਤ ਸ਼ਬਦਾਵਲੀ ਵਰਤੀ ਗਈ ਸੀ। ਅੱਜ ਉਨ੍ਹਾਂ ਵੱਲੋਂ ਮਾਫੀ ਮੰਗ ਲਈ ਗਈ ਹੈ। ਸਾਡੀ ਇੱਕੋ ਹੀ ਸ਼ਰਤ ਹੈ ਕਿ ਉਹ ਸਾਡੇ ਪਾਵਨ ਵਾਲਮੀਕੀ ਤੀਰਥ 'ਤੇ ਆ ਕੇ ਮੱਥਾ ਟੇਕਣ ਤੇ ਉੱਥੇ ਹੀ ਮੁਆਫੀ ਮੰਗਣ ਅਤੇ ਸਾਡੇ ਵੱਲੋਂ ਵੀ ਮੁਆਫ਼ ਕਰ ਦਿੱਤਾ ਜਾਵੇਗਾ।



ਇਸ ਮੌਕੇ ਵਕੀਲ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 'ਬੂਹੇ ਬਾਰੀਆਂ' 'ਚ ਨੀਰੂ ਬਾਜਵਾ ਤੇ ਉਨਾਂ ਦੀ ਫ਼ਿਲਮ ਟੀਮ ਵੱਲੋਂ ਐੱਸ. ਸੀ. ਭਾਈਚਾਰੇ ਦੀਆਂ ਔਰਤਾਂ ਖ਼ਿਲਾਫ਼ ਗਲਤ ਸ਼ਬਦਾਵਲੀ ਵਰਤੀ ਗਈ ਸੀ, ਜਿਹਦੇ ਚਲਦੇ ਅਸੀਂ ਭਾਈਚਾਰੇ ਵੱਲੋਂ ਨੀਰੂ ਬਾਜਵਾ ਖ਼ਿਲਾਫ਼ ਕੇਸ ਦਰਜ ਕਰਵਾਇਆ ਗਿਆ ਸੀ। ਅੱਜ ਉਨ੍ਹਾਂ ਦੀ ਕੋਰਟ 'ਚ ਪੇਸ਼ੀ ਸੀ ਤੇ ਅੱਜ ਉਹ ਕੋਰਟ 'ਚ ਪੇਸ਼ ਹੋ ਕੇ ਤੇ ਰਾਮ ਤੀਰਥ ਵਿਖੇ ਮੱਥਾ ਟੇਕਣ ਜਾਣਗੇ। ਜਿਸ ਤੋਂ ਬਾਅਦ ਉਨ੍ਹਾਂ ਨੂੰ ਮੁਆਫ਼ੀ ਦਿੱਤੀ ਜਾਵੇਗੀ। ਫ਼ਿਲਮ ਦੇ ਲੇਖਕ ਤੇ ਡਾਇਰੈਕਟਰ ਨੇ ਪਹਿਲੋਂ ਹੀ ਵਾਲਮੀਕ ਤੀਰਥ ਜਾ ਕੇ ਮੱਥਾ ਟੇਕ ਲਿਆ ਸੀ ਤੇ ਸਿਰਫ ਨੀਰੂ ਬਾਜਵਾ ਦਾ ਮੱਥਾ ਟੇਕਣਾ ਬਾਕੀ ਸੀ। ਉਹ ਨੀਰੂ ਬਾਜਵਾ ਵੀ ਵਾਲਮੀਕੀ ਤੀਰਥ ਮੱਥਾ ਟੇਕਣ ਦੇ ਲਈ ਜਾ ਰਹੇ ਹਨ।

# ਭਾਰਤੀ ਨਿਸ਼ਾਨੇਬਾਜ਼ੀ ਖੇਡ ਦੇ ਸੁਨਹਿਰੀ ਪੰਨਿਆਂ ’ਚ ਚਮਕਦਾ ਨਾਂ ਹੈ ਹਿਨਾ ਸਿੱਧੂ



ਹਿਨਾ ਸਿੱਧੂ ਭਾਰਤੀ ਨਿਸ਼ਾਨੇਬਾਜ਼ੀ ਖੇਡ ਦੇ ਸੁਨਹਿਰੀ ਪੰਨਿਆਂ ’ਚ ਚਮਕਦਾ ਨਾਂ ਹੈ। ਵਿਸ਼ਵ ਰੈਂਕਿੰਗ ’ਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਪਹਿਲੀ ਭਾਰਤੀ ਸ਼ੂਟਰ ਦਾ ਮਾਣ ਹਾਸਲ ਹਿਨਾ ਸਿੱਧੂ ਆਈ. ਐੱਸ. ਐੱਸ. ਐੱਫ. ਵਿਸ਼ਵ ਕੱਪ ਜਿੱਤਣ ਵਾਲੀ ਵੀ ਪਹਿਲੀ ਭਾਰਤੀ ਪਿਸਟਲ ਸ਼ੂਟਰ ਹੈ। ਹਿਨਾ ਵਿਸ਼ਵ ਰਿਕਾਰਡ ਹੋਲਡਰ ਦੇ ਨਾਲ-ਨਾਲ ਵਿਸ਼ਵ ਕੱਪ ’ਚ ਦੋ ਸੋਨ ਤੇ ਚਾਂਦੀ, ਰਾਸ਼ਟਰਮੰਡਲ ਖੇਡਾਂ ’ਚ ਵੀ ਦੋ ਸੋਨ ਤੇ ਦੋ ਚਾਂਦੀ, ਏਸ਼ੀਆਈ ਖੇਡਾਂ ’ਚ ਇਕ ਚਾਂਦੀ ਤੇ ਦੋ ਕਾਂਸੀ, ਰਾਸ਼ਟਰਮੰਡਲ ਚੈਂਪੀਅਨਸ਼ਿਪ ’ਚ ਇਕ ਸੋਨ ਅਤੇ ਏਸ਼ੀਅਨ ਚੈਂਪੀਅਨਸ਼ਿਪ ’ਚ ਇਕ ਸੋਨੇ ਦਾ ਤਮਗਾ ਜਿੱਤ ਚੁੱਕੀ ਹੈ। ਦੋ ਵਾਰ ਦੀ ਓਲੰਪੀਅਨ ਤੇ ਅਰਜੁਨ ਐਵਾਰਡੀ ਹਿਨਾ ਸਿੱਧੂ ਪੰਜਾਬ ’ਚ ਅਵਨੀਤ ਕੌਰ ਸਿੱਧੂ ਤੋਂ ਬਾਅਦ ਦੂਜੀ ਨਿਸ਼ਾਨੇਬਾਜ਼ ਹੈ, ਜਿਸ ਨੇ ਇਸ ਖੇਡ ਨੂੰ ਮਹਿਲਾਵਾਂ ’ਚ ਮਕਬੂਲ ਕੀਤਾ। ਲੁਧਿਆਣਾ ਵਿਖੇ 29 ਅਗਸਤ 1989 ਨੂੰ ਜਨਮੀ ਹਿਨਾ ਪਟਿਆਲਾ ’ਚ ਪਲੀ ਹੈ ਅਤੇ ਪੂਰੀ ਦੁਨੀਆਂ ’ਚ ਆਪਣੀ ਖੇਡ ਦਾ ਲੋਹਾ ਮਨਵਾਇਆ। ਵਿਆਹ ਉਪਰੰਤ ਉਹ ਮੁੰਬਈ ਦੇ ਗੁਰੇਗਾਓਂ ਦੀ ਵਸਨੀਕ ਬਣ ਗਈ ਹੈ। ਪੇਂਟਿੰਗ ਤੇ ਸਕੈੱਚ ਬਣਾਉਣ ਦੀ ਸ਼ੌਕੀਨ ਹਿਨਾ ਨੇ ਪੜ੍ਹਾਈ ਦੰਦਾਂ ਦੀ ਡਾਕਟਰੀ ਦੀ ਕੀਤੀ ਅਤੇ ਪੇਸ਼ੇ ਵਜੋਂ ਨਿਸ਼ਾਨੇਬਾਜ਼ੀ ਖੇਡ ਨੂੰ ਚੁਣਿਆ। ਹਿਨਾ ਦਾ ਈਵੈਂਟ 10 ਮੀਟਰ ਏਅਰ ਪਿਸਟਲ ਹੈ। ਵਾਈ. ਪੀ. ਐੱਸ.ਪਟਿਆਲਾ ਤੋਂ ਮੁੱਢਲੀ ਸਿੱਖਿਆ ਹਾਸਲ ਕਰਨ ਤੋਂ ਬਾਅਦ ਹਿਨਾ ਨੇ ਬੀ. ਡੀ. ਐੱਸ. ਦੀ ਪੜ੍ਹਾਈ ਗਿਆਨ ਸਾਗਰ ਮੈਡੀਕਲ ਕਾਲਜ ਬਨੂੜ-ਰਾਜਪੁਰਾ ਰੋਡ ਤੋਂ ਕੀਤੀ। ਹਿਨਾ ਨੂੰ ਖੇਡ ਦੀ ਗੁੜਤੀ ਘਰ ’ਚੋਂ ਹੀ ਮਿਲੀ। ਉਸ ਦੇ ਪਿਤਾ ਰਾਜਬੀਰ ਸਿੰਘ ਸਿੱਧੂ ਜਿਥੇ ਖੁਦ ਨਿਸ਼ਾਨੇਬਾਜ਼ ਸਨ, ਉਥੇ ਹੀ, ਆਪਣੀ ਧੀ ਨੂੰ ਇਸ ਖੇਡ ਵਿਚ ਪੱਕੇ ਪੈਰੀਂ ਕਰਨ ਵਿਚ ਅਹਿਮ ਰੋਲ ਨਿਭਾਇਆ। ਇਸ ਦਿਸ਼ਾ ਵਿਚ ਹਿਨਾ ਦੀ ਉਸਦੇ ਚਾਚਾ ਜਿਹੜੇ ਗੰਨ ਹਾਊਸ ਦਾ ਵਪਾਰ ਕਰਦੇ ਹਨ, ਨੇ ਅਗਵਾਈ ਕੀਤੀ।

# ਬਾਰਸੀਲੋਨਾ ਨੇ ਐਟਲੇਟਿਕੋ ਮੈਡਰਿਡ ਨੂੰ 3-0 ਨਾਲ ਹਰਾਇਆ

ਸਪੇਨ ਦੀ ਚੋਟੀ ਦੀ ਘਰੇਲੂ ਫੁੱਟਬਾਲ ਲੀਗ ‘ਲਾ ਲੀਗਾ’ ਵਿੱਚ ਐਤਵਾਰ ਨੂੰ ਇੱਥੇ ਬਾਰਸੀਲੋਨਾ ਨੇ ਐਟਲੇਟਿਕੋ ਮੈਡਰਿਡ ਨੂੰ 3-0 ਨਾਲ ਹਰਾਇਆ। ਜੋਆਓ ਫੇਲਿਕਸ, ਰਾਬਰਟ ਲੇਵਾਂਡੋਵਸਕੀ ਅਤੇ ਫਰਮਿਨ ਲੋਪੇਜ਼ ਨੇ ਬਾਰਸੀਲੋਨਾ ਲਈ ਗੋਲ ਕੀਤੇ ਜਿਸ ਨਾਲ ਟੀਮ ਐਟਲੇਟਿਕੋ ਦੇ ਖਿਲਾਫ ਲਗਾਤਾਰ ਪੰਜਵੀਂ ਜਿੱਤ ਦਰਜ ਕਰਨ ਵਿੱਚ ਕਾਮਯਾਬ ਰਹੀ। ਇਸ ਜਿੱਤ ਨਾਲ ਬਾਰਸੀਲੋਨਾ 29 ਮੈਚਾਂ 'ਚ 64 ਅੰਕਾਂ ਨਾਲ ਤਾਲਿਕਾ 'ਚ ਦੂਜੇ ਸਥਾਨ 'ਤੇ ਪਹੁੰਚ ਗਿਆ ਹੈ।

ਉਹ ਸਿਖਰ 'ਤੇ ਕਾਬਲ ਰੀਅਲ ਮੈਡਰਿਡ ਤੋਂ ਅੱਠ ਅੰਕ ਪਿੱਛੇ ਹੈ। ਮੈਚ ਤੋਂ ਪਹਿਲਾਂ, ਮੈਟਰੋਪੋਲੀਟਨ ਸਟੇਡੀਅਮ ਦੇ ਬਾਹਰ ਐਟਲੇਟਿਕੋ ਦੇ ਪ੍ਰਸ਼ੰਸਕਾਂ ਨੇ ਫੇਲਿਕਸ ਦੀ ਜਰਸੀ ਸਾੜ ਦਿੱਤੀ ਅਤੇ ਉਸ ਦੇ ਨਾਮ ਵਾਲੀ ਇੱਕ ਤਖ਼ਤੀ ਵੀ ਤੋੜ ਦਿੱਤੀ। ਹਾਲਾਂਕਿ ਪੁਰਤਗਾਲ ਦੇ ਖਿਡਾਰੀ ਨੇ ਆਪਣੀ ਸਾਬਕਾ ਟੀਮ ਖਿਲਾਫ ਮੈਚ ਦੇ 38ਵੇਂ ਮਿੰਟ 'ਚ ਗੋਲ ਕਰਕੇ ਐਟਲੇਟਿਕੋ ਦੇ ਪ੍ਰਸ਼ੰਸਕਾਂ ਨੂੰ ਆਪਣੇ ਹੀ ਅੰਦਾਜ਼ 'ਚ ਜਵਾਬ ਦਿੱਤਾ। ਫੇਲਿਕਸ ਨੇ ਦਸੰਬਰ ਵਿੱਚ ਵੀ ਇਸ ਟੀਮ ਖ਼ਿਲਾਫ਼ ਗੋਲ ਕਰਕੇ ਬਾਰਸੀਲੋਨਾ ਨੂੰ 1-0 ਨਾਲ ਜਿੱਤ ਦਿਵਾਈ ਸੀ।




# ਅਲਕਾਰਾਜ਼ ਨੇ ਮੇਦਵੇਦੇਵ ਨੂੰ ਹਰਾ ਕੇ ਇੰਡੀਅਨ ਵੇਲਸ ਵਿੱਚ ਖਿਤਾਬ ਦਾ ਬਚਾਅ ਕੀਤਾ

ਮੌਜੂਦਾ ਚੈਂਪੀਅਨ ਕਾਰਲੋਸ ਅਲਕਾਰਾਜ਼ ਨੇ ਬੀਐਨਪੀ ਪਰਿਬਾਸ ਓਪਨ ਟੈਨਿਸ ਦੇ ਪੁਰਸ਼ ਸਿੰਗਲਜ਼ ਦੇ ਫਾਈਨਲ ਵਿੱਚ ਡੇਨੀਅਲ ਮੇਦਵੇਦੇਵ ਨੂੰ 7-6, 6-1 ਨਾਲ ਹਰਾ ਕੇ ਪਿਛਲੇ ਸਾਲ ਵਿੰਬਲਡਨ ਚੈਂਪੀਅਨ ਬਣਨ ਤੋਂ ਬਾਅਦ ਆਪਣਾ ਪਹਿਲਾ ਖਿਤਾਬ ਜਿੱਤਿਆ ਸੀ। ਅਲਕਾਰਜ਼ ਸੱਜੇ ਗਿੱਟੇ ਦੀ ਸੱਟ ਨਾਲ ਇੱਥੇ ਪਹੁੰਚੇ ਹਨ। ਪੂਰੇ ਟੂਰਨਾਮੈਂਟ 'ਚ ਉਸ ਦੇ ਖੇਡਣ 'ਤੇ ਸ਼ੰਕੇ ਸਨ ਪਰ ਉਹ ਲਗਾਤਾਰ ਦੂਜੇ ਸਾਲ ਚੈਂਪੀਅਨ ਬਣਨ 'ਚ ਸਫਲ ਰਿਹਾ। ਇਗਾ ਸਵੀਆਟੇਕ ਨੇ ਲਗਭਗ ਇੱਕ ਘੰਟੇ ਤੱਕ ਚੱਲੇ ਮੁਕਾਬਲੇ ਵਿੱਚ ਮਹਿਲਾ ਫਾਈਨਲ ਵਿੱਚ ਮਾਰੀਆ ਸਕਕਾਰੀ ਨੂੰ 6-4, 6-0 ਨਾਲ ਹਰਾਇਆ।

ਸਵੀਆਟੇਕ ਨੇ ਇਸ 12 ਦਿਨਾਂ ਟੂਰਨਾਮੈਂਟ ਦੌਰਾਨ ਛੇ ਮੈਚਾਂ ਵਿੱਚ ਸਿਰਫ਼ 21 ਗੇਮਾਂ ਹੀ ਹਾਰੀਆਂ ਹਨ। ਅਲਕਾਰਜ਼ ਨੂੰ ਫਰਵਰੀ 'ਚ ਰੀਓ ਓਪਨ ਦੌਰਾਨ ਸੱਟ ਲੱਗੀ ਸੀ। ਇੰਡੀਅਨ ਵੇਲਸ 'ਚ ਖਿਤਾਬ ਜਿੱਤਣ ਤੋਂ ਬਾਅਦ ਉਸ ਨੇ ਕਿਹਾ, ''ਮੈਂ ਹਰ ਮੈਚ ਤੋਂ ਬਾਅਦ ਬਿਹਤਰ ਮਹਿਸੂਸ ਕਰ ਰਿਹਾ ਸੀ। ਹਰ ਮੈਚ ਤੋਂ ਬਾਅਦ ਮੇਰਾ ਆਤਮਵਿਸ਼ਵਾਸ ਵਧਦਾ ਜਾ ਰਿਹਾ ਸੀ। ਮਾਸਟਰ 1000-ਪੱਧਰ ਦਾ ਟੂਰਨਾਮੈਂਟ ਦੁਬਾਰਾ ਜਿੱਤਣਾ ਤੁਹਾਨੂੰ ਅੱਗੇ ਵਧਣ ਦੀ ਪ੍ਰੇਰਣਾ ਦਿੰਦਾ ਹੈ।'' ਨੋਵਾਕ ਜੋਕੋਵਿਚ ਦੇ 2014 ਤੋਂ 2016 ਤੱਕ ਲਗਾਤਾਰ ਤਿੰਨ ਵਾਰ ਚੈਂਪੀਅਨ ਬਣਨ ਤੋਂ ਬਾਅਦ ਉਹ ਖਿਤਾਬ ਦਾ ਬਚਾਅ ਕਰਨ ਵਾਲਾ ਪਹਿਲਾ ਖਿਡਾਰੀ ਹੈ। 22 ਮੈਚਾਂ ਵਿੱਚ ਸਵੀਆਟੇਕ ਦੀ ਇਹ 20ਵੀਂ ਜਿੱਤ ਹੈ। ਪਿਛਲੇ ਸਾਲ ਵੀ ਉਸ ਨੇ ਇਸ ਈਵੈਂਟ ਦੇ ਫਾਈਨਲ ਵਿੱਚ ਪੋਲਿਸ਼ ਖਿਡਾਰਨ ਨੂੰ 6-4, 6-1 ਨਾਲ ਹਰਾਇਆ ਸੀ।





# ਅਮਰੀਕਾ, ਨਾਟੋ ਰੂਸ 'ਤੇ ਹਮਲਾ ਕਰਦੈ ਤਾਂ ਚੀਨ 'ਦਖ਼ਲ ਦੇਣ ਲਈ ਤਿਆਰ'



ਚੀਨ ਦੇ ਰੱਖਿਆ ਮੰਤਰਾਲੇ ਦੇ ਇੱਕ ਪ੍ਰਤੀਨਿਧੀ ਨੇ ਸ਼ਨੀਵਾਰ ਨੂੰ ਕਥਿਤ ਤੌਰ 'ਤੇ ਕਿਹਾ ਕਿ ਜੇ ਸੰਯੁਕਤ ਰਾਜ ਜਾਂ ਨਾਟੋ ਰੂਸ 'ਤੇ ਹਮਲਾ ਕਰਨ ਦਾ ਫ਼ੈਸਲਾ ਕਰਦਾ ਹੈ ਤਾਂ ਬੀਜਿੰਗ 'ਦਖਲ ਦੇਣ ਲਈ ਤਿਆਰ' ਹੈ। ਚੀਨ ਦਾ ਇਹ ਬਿਆਨ ਉਦੋਂ ਆਇਆ ਹੈ ਜਦੋਂ ਇਸ ਮਹੀਨੇ ਦੀ ਸ਼ੁਰੂਆਤ ਵਿਚ ਸਵੀਡਨ ਦੇ ਅਧਿਕਾਰਤ ਤੌਰ 'ਤੇ ਨਾਟੋ ਵਿਚ ਸ਼ਾਮਲ ਹੋਣ ਦੇ ਬਾਅਦ ਤੋਂ ਅੰਤਰ-ਸਰਕਾਰੀ ਫ਼ੌਜੀ ਗਠਜੋੜ ਅਤੇ ਮਾਸਕੋ ਵਿਚਾਲੇ ਮਤਭੇਦ ਜਾਰੀ ਹੈ।ਟੈਲੀਗ੍ਰਾਮ ਚੈਨਲ ਨੇ ਚੀਨੀ ਰੱਖਿਆ ਪ੍ਰਤੀਨਿਧੀ ਦਾ ਹਵਾਲਾ ਦਿੰਦੇ ਹੋਏ ਕਿਹਾ,"ਜੇ ਅਮਰੀਕਾ ਜਾਂ ਨਾਟੋ ਰੂਸ 'ਤੇ ਹਮਲਾ ਕਰਨ ਦਾ ਫ਼ੈਸਲਾ ਕਰਦੇ ਹਨ ਤਾਂ ਚੀਨ ਕਿਤੇ ਵੀ ਫੌਜੀ ਦਖਲ ਦੇਣ ਲਈ ਤਿਆਰ ਹੈ।" ਚੈਨਲ ਨੇ ਦਾਅਵੇ ਦੀ ਪੁਸ਼ਟੀ ਕਰਨ ਲਈ ਵਿਭਾਗ ਤੱਕ ਪਹੁੰਚ ਕੀਤੀ ਹੈ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਇਸ ਹਫਤੇ ਦੇ ਸ਼ੁਰੂ ਵਿੱਚ ਨਾਟੋ ਅਤੇ ਪੱਛਮੀ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ ਅਮਰੀਕਾ ਨੇ ਯੂਕ੍ਰੇਨ ਵਿੱਚ ਫੌਜ ਭੇਜੀ ਤਾਂ ਮਾਸਕੋ ਪ੍ਰਮਾਣੂ ਯੁੱਧ ਲਈ ਤਿਆਰ ਹੈ।

ਕ੍ਰੇਮਲਿਨ ਨੇਤਾ 15-17 ਮਾਰਚ ਦੀਆਂ ਚੋਣਾਂ ਤੋਂ ਪਹਿਲਾਂ ਬੋਲ ਰਹੇ ਸਨ। ਪੁਤਿਨ ਨੇ ਕਿਹਾ ਕਿ ਪਰਮਾਣੂ ਯੁੱਧ ਦਾ ਖਦਸ਼ਾ 'ਜਲਦਬਾਜ਼ੀ' ਵਿਚ ਨਹੀਂ ਬਣ ਰਿਹਾ ਸੀ।" ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਤੋਂ ਇਲਾਵਾ ਰੂਸੀ-ਅਮਰੀਕੀ ਸਬੰਧਾਂ ਅਤੇ ਰਣਨੀਤਕ ਸੰਜਮ ਦੇ ਖੇਤਰ ਵਿੱਚ ਕਾਫ਼ੀ ਹੋਰ ਮਾਹਰ ਹਨ। ਇਸ ਲਈ ਮੈਨੂੰ ਨਹੀਂ ਲੱਗਦਾ ਕਿ ਇੱਥੇ ਸਭ ਕੁਝ ਠੀਕ ਹੋਣ ਵਾਲਾ ਹੈ, ਪਰ ਅਸੀਂ ਹਰ ਤਰ੍ਹਾਂ ਦੀ ਸਥਿਤੀ ਲਈ ਤਿਆਰ ਹਾਂ।" ਇਸ ਦੌਰਾਨ ਨਾਟੋ ਦੇ ਮੁਖੀ ਜੇਂਸ ਸਟੋਲਟਨਬਰਗ ਨੇ ਸਹਿਯੋਗੀਆਂ ਨੂੰ ਯੂਕ੍ਰੇਨ ਨੂੰ ਤੁਰੰਤ ਹੋਰ ਅਸਲਾ ਭੇਜਣ ਲਈ ਕਿਹਾ। ਉਸਦਾ ਸੰਦੇਸ਼ ਉਦੋਂ ਆਇਆ ਜਦੋਂ ਅਮਰੀਕੀ ਕਾਂਗਰਸ ਕੀਵ ਨੂੰ ਅਰਬਾਂ ਡਾਲਰ ਦੀ ਸਹਾਇਤਾ ਭੇਜਣ ਬਾਰੇ ਬਹਿਸ ਜਾਰੀ ਰੱਖ ਰਹੀ ਹੈ। ਸਟੋਲਟਨਬਰਗ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ, "ਅਮਰੀਕਾ, ਕੈਨੇਡਾ ਅਤੇ ਯੂਰਪ ਨੂੰ ਹੋਰ ਬਹੁਤ ਕੁਝ ਕਰਨਾ ਪਏਗਾ ਅਤੇ ਸਾਨੂੰ ਯੂਕ੍ਰੇਨੀਆਂ ਨੂੰ ਵੀ ਯੋਜਨਾ ਬਣਾਉਣ ਦੇ ਯੋਗ ਬਣਾਉਣ ਲਈ ਲੰਬੇ ਸਮੇਂ ਦੀ ਵਚਨਬੱਧਤਾ ਦੀ ਲੋੜ ਹੈ।

# ਅਮਰੀਕਾ 'ਚ 20 ਸਾਲਾ ਭਾਰਤੀ ਵਿਦਿਆਰਥੀ ਦੀ ਹੱਤਿਆ

ਅਮਰੀਕਾ 'ਚ ਇਕ 20 ਸਾਲਾ ਭਾਰਤੀ ਵਿਦਿਆਰਥੀ ਦੀ ਹੱਤਿਆ ਕੀਤੇ ਜਾਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। 20 ਸਾਲਾ ਵਿਦਿਆਰਥੀ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਲਈ ਅਮਰੀਕਾ ਆਇਆ ਸੀ ਪਰ ਉਸ ਦੀ ਹੱਤਿਆ ਕਰ ਦਿੱਤੀ ਗਈ। ਆਪਣੇ ਇੱਕਲੌਤੇ ਪੁੱਤਰ ਨੂੰ ਗੁਆਉਣ ਤੋਂ ਬਾਅਦ ਪਰਿਵਾਰ ਸਦਮੇ ਵਿੱਚ ਹੈ। ਉਸ ਦਾ ਕਤਲ ਕਰਨ ਤੋਂ ਬਾਅਦ ਕਾਤਲਾਂ ਨੇ ਉਸ ਦੀ ਲਾਸ਼ ਨੂੰ ਕਾਰ ਵਿਚ ਪਾ ਜੰਗਲ ਵਿੱਚ ਹੀ ਛੱਡ ਦਿੱਤਾ। ਅਭਿਜੀਤ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਪਰਚੂਰੀ ਅਭਿਜੀਤ ਨਾਂ ਦਾ ਇਹ ਨੌਜਵਾਨ ਆਂਧਰਾ ਪ੍ਰਦੇਸ਼ ਦੇ ਗੁੰਟੂਰ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਪਰਿਵਾਰ ਮੁਤਾਬਕ ਉਹ ਬੋਸਟਨ ਯੂਨੀਵਰਸਿਟੀ ਦਾ ਵਿਦਿਆਰਥੀ ਸੀ। ਮੰਨਿਆ ਜਾ ਰਿਹਾ ਹੈ ਕਿ ਉਸ ਦੀ ਮੌਤ ਕਿਸੇ ਹੋਰ ਵਿਦਿਆਰਥੀ ਨਾਲ ਝਗੜੇ ਵਿੱਚ ਹੋਈ ਹੈ। ਉਸਦੀ ਮਾਂ ਜਦੋਂ ਉਚੇਰੀ ਪੜ੍ਹਾਈ ਲਈ ਉਸ ਨੂੰ ਅਮਰੀਕਾ ਭੇਜਣ ਲਈ ਪਹਿਲਾਂ ਤਿਆਰ ਨਹੀਂ ਸੀ ਪਰ ਬੇਟੇ ਦਾ ਭਵਿੱਖ ਸੁਧਾਰਨ ਲਈ ਉਸ ਨੂੰ ਅਮਰੀਕਾ ਭੇਜ ਦਿੱਤਾ। ਸੂਤਰਾਂ ਦੇ ਮੁਤਾਬਕ ਪਰਚੂਰੀ ਅਭਿਜੀਤ ਨੇ ਬੋਸਟਨ ਯੂਨੀਵਰਸਿਟੀ ਦੇ ਇਕ ਕਾਲਜ 'ਚ ਇੰਜੀਨੀਅਰਿੰਗ 'ਚ ਦਾਖਲਾ ਲਿਆ ਸੀ। ਹੁਣ ਜਦੋਂ ਉਸ ਦੀ ਹੱਤਿਆ ਕਰ ਦਿੱਤੀ ਗਈ ਹੈ, ਤਾਂ ਭਾਰਤ ਵਿੱਚ ਪਰਿਵਾਰ ਸਦਮੇ ਵਿੱਚ ਹੈ।

ਪੁਲਸ ਮੁਤਾਬਕ ਇਸ ਗੱਲ ਦੀ ਸੰਭਾਵਨਾ ਹੈ ਕਿ ਅਭਿਜੀਤ ਦਾ ਕਤਲ ਲੁੱਟ ਦੇ ਇਰਾਦੇ ਨਾਲ ਕੀਤਾ ਗਿਆ ਹੈ। ਪੁਲਸ ਨੇ ਮੋਬਾਈਲ ਫੋਨ ਦੇ ਸਿਗਨਲ ਦੇ ਆਧਾਰ 'ਤੇ ਜੰਗਲ ਵਿੱਚੋਂ ਲਾਸ਼ ਬਰਾਮਦ ਕੀਤੀ। ਹਾਲਾਂਕਿ ਇਹ ਕਤਲ ਕੈਂਪਸ ਦੇ ਅੰਦਰ ਹੀ ਹੋਣ ਕਾਰਨ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਕਿਸੇ ਹੋਰ ਵਿਦਿਆਰਥੀ ਨਾਲ ਲੜਾਈ ਹੋਈ ਹੋ ਸਕਦੀ ਹੈ। ਅਮਰੀਕਾ ਵਿਚ ਸਾਰੀਆਂ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਪਰਚੂਰੀ ਅਭਿਜੀਤ ਦੀ ਦੇਹ ਨੂੰ ਆਂਧਰਾ ਪ੍ਰਦੇਸ਼ ਵਾਪਸ ਲਿਆਂਦੀ ਗਈ।ਦੱਸਣਯੋਗ ਹੈ ਕਿ ਅਮਰੀਕਾ ਵਿੱਚ ਭਾਰਤੀ ਨੌਜਵਾਨਾਂ ਦੇ ਖ਼ਿਲਾਫ਼ ਅਪਰਾਧ ਵਿੱਚ ਵਾਧਾ ਹੋਇਆ ਹੈ। ਸਾਲ 2024 ਵਿੱਚ ਹੁਣ ਤੱਕ 9 ਭਾਰਤੀਆਂ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ ਵਿੱਚੋਂ ਦੋ ਨੇ ਆਪਣੀ ਜਾਨ ਲੈ ਲਈ, ਦੋ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋ ਗਈ, ਦੋ ਲਾਪਤਾ ਹੋਣ ਤੋਂ ਬਾਅਦ ਮਰੇ ਹੋਏ ਪਾਏ ਗਏ, ਇੱਕ ਦੀ ਦੁਰਘਟਨਾ ਵਿੱਚ ਮੌਤ ਹੋ ਗਈ ਅਤੇ ਇੱਕ ਦਾ ਕਤਲ ਹੋ ਗਿਆ। ਅਮਰੀਕਾ ਤੋਂ ਇਲਾਵਾ ਕੈਨੇਡਾ ਵੀ ਅਜਿਹਾ ਦੇਸ਼ ਹੈ ਜਿੱਥੇ ਸਭ ਤੋਂ ਵੱਧ ਭਾਰਤੀ ਵਿਦਿਆਰਥੀਆਂ ਦੀਆਂ ਮੌਤਾਂ ਹੋਈਆ ਹਨ। ਕੈਨੇਡਾ ਵਿੱਚ ਬਹੁਤ ਸਾਰੇ ਭਾਰਤੀਆਂ ਨੇ ਤਣਾਅ ਅਤੇ ਅਨਿਸ਼ਚਿਤਤਾ ਕਾਰਨ ਆਪਣੀ ਜ਼ਿੰਦਗੀ ਛੋਟੀ ਕਰ ਲਈ ਹੈ। ਹਾਦਸਿਆਂ ਕਾਰਨ ਕਈ ਹੋਰ ਵਿਦਿਆਰਥੀਆਂ ਦੀ ਮੌਤਾਂ ਹੋ ਚੁੱਕੀਆ ਹਨ।





# ਸ਼ਖ਼ਸ ਨੇ ਚੁੱਕਿਆ ਦਿਲ ਦਹਿਲਾ ਦੇਣ ਵਾਲਾ ਕਦਮ! ਮਾਂ, ਭੈਣ ਤੇ ਪਤਨੀ ਨੂੰ ਗੋਲੀਆਂ ਮਾਰ ਉਤਾਰਿਆਂ ਮੌਤ ਦੇ ਘਾਟ

ਅਮਰੀਕਾ ਦੇ ਪੈਨਸਿਲਵੇਨੀਆ ਸੂਬੇ ਦੇ ਫਿਲਾਡੇਲਫੀਆ ਦੇ ਫਾਲਜ਼ ਟਾਊਨਸ਼ਿਪ 'ਚ ਸ਼ਨੀਵਾਰ (16 ਮਾਰਚ) ਨੂੰ ਹੋਈ ਗੋਲੀਬਾਰੀ 'ਚ 3 ਲੋਕਾਂ ਦੀ ਮੌਤ ਹੋ ਗਈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਨਿਊਜਰਸੀ ਦੇ ਟ੍ਰੈਂਟਨ ਵੱਲ ਨੂੰ ਭੱਜ ਗਿਆ। ਉਥੇ ਉਸ ਨੇ ਆਪਣੇ-ਆਪ ਨੂੰ ਇਕ ਘਰ 'ਚ ਬੰਦ ਕਰ ਲਿਆ।ਮੁਲਜ਼ਮ ਦੀ ਪਛਾਣ ਆਂਦਰੇ ਗੋਰਡਨ (26) ਵਜੋਂ ਹੋਈ ਹੈ। ਮਰਨ ਵਾਲਿਆਂ 'ਚ ਗੋਰਡਨ ਦੀ ਮਤਰੇਈ ਮਾਂ, ਉਸ ਦੀ 13 ਸਾਲਾ ਭੈਣ ਤੇ ਉਸ ਦੀ ਪਤਨੀ ਸ਼ਾਮਲ ਹਨ। ਫਾਲਜ਼ ਟਾਊਨਸ਼ਿਪ ਪੈਨਸਿਲਵੇਨੀਆ ਪੁਲਸ ਨੇ ਕਿਹਾ ਕਿ ਨੌਜਵਾਨ ਨੇ ਅਸਾਲਟ ਰਾਈਫਲ ਦੇ ਨਾਲ ਇਸ ਘਟਨਾ ਨੂੰ ਅੰਜਾਮ ਦਿੱਤਾ।

ਅਮਰੀਕੀ ਮੀਡੀਆ ਮੁਤਾਬਕ ਦੋਸ਼ੀ ਨੇ ਪੈਨਸਿਲਵੇਨੀਆ 'ਚ 2 ਵੱਖ-ਵੱਖ ਥਾਵਾਂ 'ਤੇ ਆਪਣੇ ਪਰਿਵਾਰਕ ਮੈਂਬਰਾਂ ਦੀ ਹੱਤਿਆ ਕਰ ਦਿੱਤੀ। ਸ਼ੱਕੀ ਨੇ ਪਹਿਲਾਂ ਲੇਵਿਟਟਾਊਨ ਦੇ ਨਿਊ ਪੁਆਇੰਟ ਲੇਨ 'ਤੇ ਇਕ ਘਰ 'ਚ ਦਾਖ਼ਲ ਹੋ ਕੇ ਆਪਣੀ 52 ਸਾਲਾ ਮਤਰੇਈ ਮਾਂ ਤੇ 13 ਸਾਲਾ ਭੈਣ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਸ ਤੋਂ ਬਾਅਦ ਉਹ ਸਵੇਰੇ 9:00 ਵਜੇ ਲੇਵਿਟਾਊਨ ਦੇ ਇਕ ਘਰ ਗਿਆ ਤੇ ਆਪਣੀ ਪਤਨੀ ਟੇਲਰ ਡੇਨੀਅਲਸ (25) ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਉਹ ਉਸ ਦੇ 2 ਬੱਚਿਆਂ ਦੀ ਮਾਂ ਸੀ। ਗੋਲੀਬਾਰੀ ਦੇ ਸਮੇਂ 3 ਹੋਰ ਲੋਕ ਘਰ 'ਚ ਮੌਜੂਦ ਸਨ। ਹਾਲਾਂਕਿ ਗੋਲੀਬਾਰੀ ਦੀ ਆਵਾਜ਼ ਸੁਣ ਕੇ ਉਹ ਲੁਕ ਗਏ, ਜਿਸ ਕਾਰਨ ਉਨ੍ਹਾਂ ਦੀ ਜਾਨ ਬਚ ਗਈ।



# ਉੱਤਰੀ ਕੋਰੀਆ ਨੇ ਪੂਰਬੀ ਪਾਣੀਆਂ ਵੱਲ ਦਾਗੀ ਮਿਜ਼ਾਈਲ

ਦੱਖਣੀ ਕੋਰੀਆ ਦੀ ਫੌਜ ਨੇ ਦਾਅਵਾ ਕੀਤਾ ਹੈ ਕਿ ਉੱਤਰੀ ਕੋਰੀਆ ਨੇ ਸੋਮਵਾਰ ਸਵੇਰੇ ਆਪਣੇ ਪੂਰਬੀ ਤੱਟ ਵੱਲ ਇੱਕ ਬੈਲਿਸਟਿਕ ਮਿਜ਼ਾਈਲ ਦਾਗੀ। ਦੱਖਣੀ ਕੋਰੀਆ ਦੇ ਫੌਜ ਮੁਖੀ ਨੇ ਵੇਰਵੇ ਨਹੀਂ ਦਿੱਤੇ। ਇਹ ਲਾਂਚ ਅਮਰੀਕਾ ਅਤੇ ਦੱਖਣੀ ਕੋਰੀਆ ਦੀਆਂ ਫੌਜਾਂ ਦੇ ਸਾਲਾਨਾ ਫੌਜੀ ਅਭਿਆਸਾਂ ਦੇ ਸਮਾਪਤ ਹੋਣ ਤੋਂ ਕੁਝ ਦਿਨ ਬਾਅਦ ਹੋਇਆ। ਉੱਤਰੀ ਕੋਰੀਆ ਨੇ ਕੁੱਲ 11 ਦਿਨਾਂ ਤੱਕ ਚੱਲੇ ਇਸ ਅਭਿਆਸ ਨੂੰ ਹਮਲੇ ਦੀ ਰਿਹਰਸਲ ਕਰਾਰ ਦਿੱਤਾ ਹੈ। ਫਰਵਰੀ ਦੇ ਅੱਧ ਵਿਚ 'ਕਰੂਜ਼' ਮਿਜ਼ਾਈਲ ਲਾਂਚ ਕਰਨ ਤੋਂ ਬਾਅਦ ਉੱਤਰੀ ਕੋਰੀਆ ਦਾ ਇਹ ਪਹਿਲਾ ਮਿਜ਼ਾਈਲ ਪ੍ਰੀਖਣ ਹੈ। ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਵੀਰਵਾਰ ਨੂੰ ਖ਼ਤਮ ਹੋਏ ਦੱਖਣੀ ਕੋਰੀਆ-ਅਮਰੀਕਾ ਫੌਜੀ ਅਭਿਆਸਾਂ ਦੌਰਾਨ ਟੈਂਕਾਂ, ਤੋਪਖਾਨੇ ਅਤੇ 'ਪੈਰਾਟਰੂਪਰ' ਨੂੰ ਸ਼ਾਮਲ ਕਰਨ ਵਾਲੇ ਫੌਜੀ ਸਿਖਲਾਈ ਅਭਿਆਸਾਂ ਦੀ ਲੜੀ ਦੀ ਅਗਵਾਈ ਕੀਤੀ। ਪਰ ਉੱਤਰੀ ਕੋਰੀਆ ਨੇ ਆਪਣੇ ਵਿਰੋਧੀਆਂ ਦੀ ਸਿਖਲਾਈ ਦੌਰਾਨ ਕੋਈ ਮਿਜ਼ਾਈਲ ਪ੍ਰੀਖਣ ਨਹੀਂ ਕੀਤਾ।



# ਚੀਨ ਨੂੰ ਛੱਡ ਭਾਰਤ 'ਤੇ ਫੋਕਸ ਕਰ ਰਹੀਆਂ ਗਲੋਬਲ ਖਿਡੌਣਾ ਕੰਪਨੀਆਂ, ਨਿਰਯਾਤ 239 ਫ਼ੀਸਦੀ ਵਧਿਆ

ਖਿਡੌਣਾ ਬਣਾਉਣ ਵਾਲੀਆਂ ਭਾਰਤ ਦੀਆਂ ਵੱਡੀਆਂ ਕੰਪਨੀਆਂ ਚੀਨ ਛੱਡ ਕੇ ਭਾਰਤ ਵਿੱਚ ਸ਼ਿਫਟ ਹੋ ਰਹੀਆਂ ਹਨ। 2015 ਤੋਂ 2023 ਦਰਮਿਆਨ ਦੇਸ਼ ਦੇ ਖਿਡੌਣਾ ਉਦਯੋਗ ਵਿੱਚ ਜ਼ਬਰਦਸਤ ਵਾਧਾ ਹੋਇਆ ਹੈ। ਇਸਦੀ ਬਰਾਮਦ ਵਿੱਚ 239 ਫ਼ੀਸਦੀ ਦਾ ਵਾਧਾ ਹੋਇਆ ਹੈ ਅਤੇ ਆਯਾਤ ਵਿੱਚ 52 ਫ਼ੀਸਦੀ ਦੀ ਗਿਰਾਵਟ ਆਈ ਹੈ। ਨਤੀਜੇ ਵਜੋਂ ਦੇਸ਼ ਸ਼ੁੱਧ ਨਿਰਯਾਤਕ ਬਣ ਗਿਆ।ਭਾਰਤ ਵਿੱਚ ਖਿਡੌਣਿਆਂ ਦੀ ਵਿਕਰੀ ਲਈ ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼ (ਬੀਆਈਐੱਸ) ਦੀ ਮਨਜ਼ੂਰੀ ਜ਼ਰੂਰੀ ਹੋਣਾ, ਸੁਰੱਖਿਆਵਾਦ, ਚੀਨ-ਪਲੱਸ-ਵਨ ਰਣਨੀਤੀ ਅਤੇ ਬੁਨਿਆਦੀ ਕਸਟਮ ਡਿਊਟੀ ਨੂੰ 70 ਫ਼ੀਸਦੀ ਤੱਕ ਵਧਾਉਣ ਨਾਲ ਭਾਰਤ ਦੇ ਖਿਡੌਣੇ ਉਦਯੋਗ ਵਿੱਚ ਉਛਾਲ ਆਇਆ ਹੈ। ਉਦਯੋਗ ਦੇ ਖਿਡਾਰੀਆਂ ਅਨੁਸਾਰ ਜਦੋਂ ਕਿ ਹੈਸਬਰੋ, ਮੈਟਲ, ਸਪਿਨ ਮਾਸਟਰ ਅਤੇ ਅਰਲੀ ਲਰਨਿੰਗ ਸੈਂਟਰ ਵਰਗੇ ਗਲੋਬਲ ਬ੍ਰਾਂਡ ਸਪਲਾਈ ਲਈ ਦੇਸ਼ 'ਤੇ ਜ਼ਿਆਦਾ ਨਿਰਭਰ ਹਨ ਪਰ ਇਟਲੀ ਦੀ ਦਿੱਗਜ਼ ਡ੍ਰੀਮ ਪਲਾਸਟ, ਮਾਈਕ੍ਰੋਪਲਾਸਟ ਅਤੇ ਇੰਕਾਸ ਵਰਗੇ ਪ੍ਰਮੁੱਖ ਨਿਰਮਾਤਾ ਆਪਣਾ ਧਿਆਨ ਹੌਲੀ-ਹੌਲੀ ਚੀਨ ਤੋਂ ਭਾਰਤ ਵੱਲ ਧਿਆਨ ਕੇਂਦਰਿਤ ਕਰ ਰਹੇ ਹਨ। ਬੀਆਈਐੱਸ ਰੈਗੂਲੇਸ਼ਨ ਤੋਂ ਪਹਿਲਾਂ ਖਿਡੌਣਿਆਂ ਲਈ ਭਾਰਤ ਦੀ ਚੀਨ 'ਤੇ 80 ਫ਼ੀਸਦੀ ਨਿਰਭਰਤਾ ਸੀ, ਜੋ ਹੁਣ ਘੱਟ ਗਈ ਹੈ। ਟਾਇਰ ਨਿਰਮਾਤਾ MRF ਦੀ ਮਲਕੀਅਤ ਵਾਲੀ ਚੇਨਈ ਸਥਿਤ ਫਨਸਕੂਲ ਦੇ ਸੀਈਓ ਆਰ ਜਸਵੰਤ ਨੇ ਕਿਹਾ, 'ਮੈਂ ਨਹੀਂ ਮੰਨਦਾ ਕਿ ਖੰਡ ਦੀ ਸਮਰੱਥਾ ਨੂੰ BIS ਦੁਆਰਾ ਮਨਜ਼ੂਰੀ ਦਿੱਤੀ ਗਈ ਹੈ। ਆਯਾਤ 'ਤੇ ਘਰੇਲੂ ਭਾਰਤੀ ਉਤਪਾਦਾਂ ਦਾ ਦਬਦਬਾ ਹੈ। 10 ਸਾਲ ਪਹਿਲਾਂ ਭਾਰਤ ਤੋਂ ਸ਼ਾਇਦ ਹੀ ਕੋਈ ਖਰੀਦਦਾਰੀ ਹੁੰਦੀ ਸੀ। ਅੱਜ ਕਈ ਕੰਪਨੀਆਂ ਨੇ ਭਾਰਤ ਵਿੱਚ ਆਪਣਾ ਅਧਾਰ ਤਿਆਰ ਕੀਤਾ ਹੈ। ਕੰਪਨੀ ਹੈਸਬਰੋ, ਸਪਿਨ ਮਾਸਟਰ, ਅਰਲੀ ਲਰਨਿੰਗ ਸੈਂਟਰ, ਫਲੇਅਰ ਅਤੇ ਡਰਮੰਡ ਪਾਰਕ ਗੇਮਜ਼ ਵਰਗੀਆਂ ਅੰਤਰਰਾਸ਼ਟਰੀ ਖਿਡੌਣਾ ਕੰਪਨੀਆਂ ਨੂੰ ਵੀ ਸਪਲਾਈ ਕਰਦੀ ਹੈ। ਕੰਪਨੀ ਦੁਆਰਾ ਤਿਆਰ ਕੀਤੇ ਕਰੀਬ 60 ਫ਼ੀਸਦੀ ਉਤਪਾਦ ਹੁਣ ਨਿਰਯਾਤ ਬਾਜ਼ਾਰਾਂ ਦੀਆਂ ਜ਼ਰੂਰਤਾਵਾਂ ਪੂਰੀਆਂ ਕਰਦੇ ਹਨ, ਜਿਸ ਵਿੱਚ ਅਮਰੀਕਾ ਵਿੱਚ ਜੀਸੀਸੀ ਅਤੇ ਯੂਰਪ ਦੇ 33 ਦੇਸ਼ ਸ਼ਾਮਲ ਹਨ। ਜਸਵੰਤ ਨੇ ਕਿਹਾ ਕਿ BIS ਵਰਗੇ ਸਰਕਾਰੀ ਨੀਤੀ ਸਹਿਯੋਗ ਨਾਲ ਇਹ ਨਿਰਯਾਤ ਜਲਦੀ ਹੀ 40 ਤੋਂ ਵੱਧ ਦੇਸ਼ਾਂ ਨੂੰ ਕੀਤਾ ਜਾਵੇਗਾ।



# ਰੂਸ: ਰਾਸ਼ਟਰਪਤੀ ਚੋਣਾਂ ਦੇ ਸ਼ੁਰੂਆਤੀ ਨਤੀਜਿਆਂ 'ਚ ਪੁਤਿਨ ਦੀ ਜਿੱਤ

ਰਾਸ਼ਟਰਪਤੀ ਵਲਾਦੀਮੀਰ ਪੁਤਿਨ ਰੂਸ ਦੀਆਂ ਰਾਸ਼ਟਰਪਤੀ ਚੋਣਾਂ ਦੇ ਸ਼ੁਰਆਤੀ ਨਤੀਜਿਆਂ ਵਿੱਚ ਜਿੱਤ ਵੱਲ ਵਧ ਰਹੇ ਹਨ। ਨਤੀਜੇ ਦੇਸ਼ ਦੀ ਰਾਜਨੀਤਿਕ ਪ੍ਰਣਾਲੀ 'ਤੇ ਉਨ੍ਹਾਂ ਦੇ ਨਿਯੰਤਰਣ ਨੂੰ ਦਰਸਾਉਂਦੇ ਹਨ। ਇਹ ਉਨ੍ਹਾਂ ਦਾ ਪੰਜਵਾਂ ਕਾਰਜਕਾਲ ਹੋਵੇਗਾ। ਉਨ੍ਹਾਂ ਨੂੰ ਚੋਣਾਂ ਵਿੱਚ ਮਾਮੂਲੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਅਤੇ ਦੋਸ਼ ਹਨ ਕਿ ਉਨ੍ਹਾਂ ਨੇ ਵਿਰੋਧੀ ਨੇਤਾਵਾਂ ਨੂੰ ਬੇਰਹਿਮੀ ਨਾਲ ਦਬਾਇਆ। ਰੂਸ ਦੇ ਕੇਂਦਰੀ ਚੋਣ ਕਮਿਸ਼ਨ ਨੇ ਕਿਹਾ ਕਿ ਹੁਣ ਤੱਕ ਹੋਈ ਵੋਟਾਂ ਦੀ ਗਿਣਤੀ ਮੁਤਾਬਕ ਪੁਤਿਨ ਨੂੰ 87 ਫੀਸਦੀ ਵੋਟਾਂ ਮਿਲੀਆਂ ਹਨ। ਪੁਤਿਨ ਨੇ ਸ਼ੁਰੂਆਤੀ ਨਤੀਜਿਆਂ ਨੂੰ ਲੋਕਾਂ ਦਾ "ਭਰੋਸਾ" ਅਤੇ "ਉਮੀਦ" ਦੱਸਿਆ, ਜਦੋਂ ਕਿ ਆਲੋਚਕਾਂ ਨੇ ਨਤੀਜਿਆਂ ਨੂੰ ਚੋਣਾਂ ਦੇ ਪੂਰਵ-ਨਿਰਧਾਰਤ ਸੁਭਾਅ ਦਾ ਇੱਕ ਹੋਰ ਪ੍ਰਤੀਬਿੰਬ ਕਿਹਾ। ਵੋਟਿੰਗ ਖ਼ਤਮ ਹੋਣ ਤੋਂ ਬਾਅਦ ਵਲੰਟੀਅਰਾਂ ਨਾਲ ਗੱਲ ਕਰਦੇ ਹੋਏ ਪੁਤਿਨ ਨੇ ਕਿਹਾ, "ਸਾਡੇ ਕੋਲ ਬਹੁਤ ਕੰਮ ਹੈ। ਪਰ ਮੈਂ ਸਾਰਿਆਂ ਨੂੰ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਇਕਜੁੱਟ ਸੀ, ਕੋਈ ਵੀ ਸਾਨੂੰ ਡਰਾਉਣ, ਸਾਡੀ ਇੱਛਾ ਅਤੇ ਸਾਡੇ ਜ਼ਮੀਰ ਨੂੰ ਦਬਾਉਣ ਵਿਚ ਸਫਲ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਉਹ ਅਤੀਤ ਵਿੱਚ ਵੀ ਅਸਫਲ ਰਹੇ ਹਨ ਅਤੇ ਭਵਿੱਖ ਵਿੱਚ ਵੀ ਫੇਲ ਹੋਣਗੇ।ਪੁਤਿਨ ਦੇ ਸਭ ਤੋਂ ਵੱਧ ਬੋਲਣ ਵਾਲੇ ਰਾਜਨੀਤਿਕ ਵਿਰੋਧੀ ਅਲੈਕਸੀ ਨਵਾਲਨੀ (71) ਦੀ ਪਿਛਲੇ ਮਹੀਨੇ ਇੱਕ ਆਰਕਟਿਕ ਜੇਲ੍ਹ ਵਿੱਚ ਮੌਤ ਹੋ ਗਈ ਸੀ ਅਤੇ ਉਸਦੇ ਹੋਰ ਆਲੋਚਕ ਜਾਂ ਤਾਂ ਜੇਲ੍ਹ ਵਿੱਚ ਹਨ ਜਾਂ ਜਲਾਵਤਨੀ ਵਿੱਚ ਹਨ। ਵੋਟਰਾਂ ਕੋਲ ਅਸਲ ਵਿੱਚ ਕੋਈ ਵਿਕਲਪ ਨਹੀਂ ਸੀ ਤੇ ਚੋਣਾਂ ਦੀ ਸੁਤੰਤਰ ਨਿਗਰਾਨੀ ਬਹੁਤ ਸੀਮਤ ਸੀ। ਰੂਸ ਦੇ ਚੋਣ ਕਮਿਸ਼ਨ ਨੇ ਕਿਹਾ ਹੈ ਕਿ ਹੁਣ ਤੱਕ 98 ਫੀਸਦੀ ਖੇਤਰਾਂ 'ਚ ਵੋਟਾਂ ਦੀ ਗਿਣਤੀ ਹੋ ਚੁੱਕੀ ਹੈ, ਜਿਨ੍ਹਾਂ 'ਚੋਂ ਪੁਤਿਨ ਨੂੰ 87 ਫੀਸਦੀ ਵੋਟਾਂ ਮਿਲੀਆਂ ਹਨ।



# ਰਾਜਾ ਵਿਕਰਮਾਦਿਤਿਆ ਅਤੇ ਮਹਾਕਾਲ ਦੇ ਸ਼ਹਿਰ ਉਜੈਨ ਦਾ ਪ੍ਰਾਚੀਨ ਇਤਿਹਾਸ

ਪ੍ਰਾਚੀਨ ਕਾਲ ਵਿੱਚ ਉਜੈਨ ਨੂੰ ਉਜੈਨੀ ਵੀ ਕਿਹਾ ਜਾਂਦਾ ਸੀ। ਉਜੈਨੀ ਅਵੰਤੀ ਜ਼ਿਲ੍ਹੇ ਦੀ ਇੱਕ ਮਹੱਤਵਪੂਰਨ ਰਾਜਧਾਨੀ ਸੀ। ਇਸ ਸ਼ਹਿਰ ਨੂੰ ਅਵੰਤਿਕਾ, ਕਨਕਸ਼੍ਰਿੰਗਾ, ਕੁਸ਼ਸਥਲੀ, ਹੇਮਾਸ਼੍ਰਿੰਗਾ, ਪਦਮਾਵਤੀ, ਕੁਮੁਦਵਤੀ, ਅਮਰਾਵਤੀ ਅਤੇ ਪ੍ਰਤੀਕਲਪ ਵੀ ਕਿਹਾ ਜਾਂਦਾ ਹੈ। ਇਹ ਪੌਰਾਣਿਕ ਕਾਲ ਦੇ 16 ਮਹਾਜਨਪਦਾਂ ਵਿੱਚੋਂ ਇੱਕ ਸੀ। ਮੱਧ ਪ੍ਰਦੇਸ਼ ਦੇ ਕੁੰਭ ਸ਼ਹਿਰ ਉਜੈਨ ਵਿੱਚ ਕਸ਼ਪਰਾ ਨਦੀ ਦੇ ਕਿਨਾਰੇ ਸਥਿਤ, ਉਜੈਨ ਮਹਾਕਾਲ ਅਤੇ ਰਾਜਾ ਵਿਕਰਮਾਦਿੱਤ ਦੀ ਨਗਰੀ ਹੈ। ਉਜੈਨ ਦਾ ਜਾਣਿਆ-ਪਛਾਣਿਆ ਇਤਿਹਾਸ ਰਾਜਾ ਵਿਕਰਮਾਦਿਤਿਆ ਤੋਂ ਸ਼ੁਰੂ ਹੁੰਦਾ ਹੈ ਪਰ ਜੇਕਰ ਅਸੀਂ ਪੌਰਾਣਿਕ ਇਤਿਹਾਸ ਦੀ ਗੱਲ ਕਰੀਏ ਤਾਂ ਇਸ ਦਾ ਇਤਿਹਾਸ ਰਾਮਾਇਣ ਅਤੇ ਮਹਾਭਾਰਤ ਕਾਲ ਤੋਂ ਵੀ ਪੁਰਾਣਾ ਹੈ।

ਮਿਥਿਹਾਸਕ ਵਿਸ਼ਵਾਸ: ਇਸ ਸ਼ਹਿਰ ਦਾ ਜ਼ਿਕਰ ਲਗਭਗ ਸਾਰੇ ਪੁਰਾਣਾਂ, ਵੇਦਾਂ ਅਤੇ ਉਪਨਿਸ਼ਦਾਂ ਵਿੱਚ ਮਿਲਦਾ ਹੈ। ਇਹ ਪ੍ਰਾਚੀਨ ਸਪਤਪੁਰੀ ਸ਼ਹਿਰਾਂ ਵਿੱਚੋਂ ਇੱਕ ਹੈ। ਇਸ ਨੂੰ ਆਦਿ ਬ੍ਰਹਮਾ ਪੁਰਾਣ ਵਿੱਚ ਸਭ ਤੋਂ ਉੱਤਮ ਨਗਰ ਦੱਸਿਆ ਗਿਆ ਹੈ ਅਤੇ ਅਗਨੀਪੁਰਾਣ ਅਤੇ ਗਰੁੜ ਪੁਰਾਣ ਵਿੱਚ ਇਸਨੂੰ ਮੋਕਸ਼ਦਾ ਅਤੇ ਭਗਤੀ-ਮੁਕਤੀ ਕਿਹਾ ਗਿਆ ਹੈ। ਇਸ ਨਗਰੀ ਵਿੱਚ ਮਹਾਕਾਲ ਆਪ ਨਿਵਾਸ ਕਰਦਾ ਹੈ, ਇਸੇ ਕਰਕੇ ਇਸ ਨਗਰੀ ਨੇ ਕਦੇ ਅਕਾਲ ਅਤੇ ਤਬਾਹੀ ਨਹੀਂ ਦੇਖੀ। ਗਰੁੜ ਪੁਰਾਣ ਦੇ ਅਨੁਸਾਰ ਸੱਤ ਸ਼ਹਿਰ ਹਨ ਜੋ ਮੁਕਤੀ ਪ੍ਰਦਾਨ ਕਰ ਸਕਦੇ ਹਨ ਅਤੇ ਉਨ੍ਹਾਂ ਵਿੱਚੋਂ ਅਵੰਤਿਕਾ ਸ਼ਹਿਰ ਨੂੰ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ ਕਿਉਂਕਿ ਉਜੈਨ ਦਾ ਮਹੱਤਵ ਦੂਜੇ ਸ਼ਹਿਰਾਂ ਨਾਲੋਂ ਥੋੜ੍ਹਾ ਵੱਧ ਹੈ।

**ਰਾਮਘਾਟ: ਵਿਸ਼ਨੂੰ:** ਪਦਮਾਵੰਤਿਕਾ। ਯਾਨੀ ਕਿ ਇਹ ਮੰਨਿਆ ਜਾਂਦਾ ਹੈ ਕਿ ਉਜੈਨ ਵਿੱਚ ਭਗਵਾਨ ਵਿਸ਼ਨੂੰ ਦੇ ਪੈਰਾਂ ਦੇ ਨਿਸ਼ਾਨ ਹਨ। ਭਗਵਾਨ ਰਾਮ ਨੇ ਖੁਦ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਉਜੈਨ ਵਿੱਚ ਅੰਤਿਮ ਸੰਸਕਾਰ ਕੀਤਾ ਸੀ ਅਤੇ ਇਸ ਲਈ ਉਸ ਸਥਾਨ ਨੂੰ 'ਰਾਮਘਾਟ' ਕਿਹਾ ਜਾਂਦਾ ਹੈ। ਇਸ ਰਾਮਘਾਟ 'ਤੇ ਸਿੰਹਸਥ ਸ਼ਾਹੀ ਇਸ਼ਨਾਨ ਸਥਾਨ ਹੁੰਦਾ ਹੈ।

**ਸੰਦੀਪਨੀ ਆਸ਼ਰਮ:** ਇੱਥੇ ਭਗਵਾਨ ਕ੍ਰਿਸ਼ਨ ਨੇ ਬਲਰਾਮ ਜੀ ਅਤੇ ਸੁਦਾਮਾ ਜੀ ਨਾਲ ਸਿੱਖਿਆ ਪ੍ਰਾਪਤ ਕੀਤੀ। ਸਤਰਾਜੀਤ, ਭਗਵਾਨ ਕ੍ਰਿਸ਼ਨ ਦੀ ਪਤਨੀ ਸਤਿਆਭਾਮਾ ਦਾ ਪਿਤਾ, ਉਜੈਨ ਦਾ ਰਾਜਾ ਸੀ ਜਿਸ ਕੋਲ ਸਿਆਮੰਤਕ ਰਤਨ ਸੀ।

ਸਿੱਧਵਤ: ਇੱਥੇ ਮਾਤਾ ਪਾਰਵਤੀ ਨੇ ਇੱਕ ਬੋਹੜ ਦਾ ਰੁੱਖ ਲਗਾਇਆ ਸੀ ਜੋ ਅੱਜ ਵੀ ਮੌਜੂਦ ਹੈ, ਜਿਸ ਨੂੰ ਸਿੱਧਵਤ ਕਿਹਾ ਜਾਂਦਾ ਹੈ। ਇਸ ਸਥਾਨ 'ਤੇ ਜਦੋਂ ਕਾਰਤੀਕੇਯ ਸੈਨਾਪਤੀ ਬਣੇ ਤਾਂ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਸੀ।

**ਮੰਗਲਦੇਵ ਦਾ ਜਨਮ ਸਥਾਨ:** ਸਕੰਦ ਪੁਰਾਣ ਦੇ 28ਵੇਂ ਅਧਿਆਏ ਵਿੱਚ ਦੱਸਿਆ ਗਿਆ ਹੈ ਕਿ ਇਸ ਸ਼ਹਿਰ ਦੇ ਪ੍ਰਧਾਨ ਦੇਵਤਾ ਮਹਾਦੇਵ ਨੇ ਤ੍ਰਿਪੁਰੀ ਦੇ ਸ਼ਕਤੀਸ਼ਾਲੀ ਰਾਕਸ਼ ਅੰਧਕਾਸੁਰ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ ਸੀ। ਇਸ ਲਈ ਇਸ ਨੂੰ ਯਾਦਗਾਰ ਵਜੋਂ ਉਜਯਨੀ ਦਾ ਨਾਂ ਦਿੱਤਾ ਗਿਆ। ਇੱਥੇ ਹੀ ਮਹਾਦੇਵ ਦੇ ਪਸੀਨੇ ਦੀ ਇੱਕ ਬੂੰਦ ਤੋਂ ਮੰਗਲਦੇਵ ਦਾ ਜਨਮ ਹੋਇਆ ਸੀ।

**ਮਹਾਕਾਲ ਦੀ ਕਹਾਣੀ:** ਰਾਜਾ ਚੰਦਰਸੇਨ ਨੇ ਇੱਥੇ ਰਾਜ ਕੀਤਾ, ਫਿਰ ਗੋਪ ਬਾਲਕ ਅਤੇ ਹਨੂੰਮਾਨ ਜੀ ਦੇ ਕਾਰਨ, ਮਹਾਕਾਲ ਨੇ ਇੱਥੇ ਨਿਵਾਸ ਕੀਤਾ।

ਇਤਿਹਾਸਕ ਮਾਨਤਾ: ਉਜੈਨ ਇੱਕ ਪ੍ਰਾਚੀਨ ਅਤੇ ਇਤਿਹਾਸਕ ਸ਼ਹਿਰ ਹੈ ਜੋ 5000 ਸਾਲ ਪੁਰਾਣਾ ਹੈ। ਇੱਕ ਸਮਾਂ ਸੀ ਜਦੋਂ ਇਹ ਸ਼ਹਿਰ ਇੱਕ ਵੱਡੇ ਸਾਮਰਾਜ ਦੀ ਰਾਜਧਾਨੀ ਹੁੰਦਾ ਸੀ। ਵੈਦਿਕ ਕਾਲ ਵਿੱਚ ਇਸ ਸ਼ਹਿਰ ਦਾ ਨਾਮ ਅਵੰਤਿਕਾ ਸੀ। ਭਦਰਸੇਨ, ਗੰਧਰਵਾਸੇਨ, ਰਤੀਦੇਵ, ਇੰਦਰਘੁਮਣ, ਵਿਕਰਮਾਦਿਤਯ ਇੱਥੇ ਦੇ ਰਾਜੇ ਹੋਏ ਹਨ। ਮਹਾਭਾਰਤ ਕਾਲ ਦੌਰਾਨ ਇੱਥੇ 'ਵਿੰਦ' ਅਤੇ 'ਅਨੁਵਿੰਦ' ਦਾ ਰਾਜ ਸੀ। ਬੋਧੀ ਕਾਲ ਦੌਰਾਨ, ਮਗਧ ਰਾਜਵੰਸ਼ ਪ੍ਰਦਯੋਤ ਦਾ ਰਾਜ, ਜੋ ਭਗਵਾਨ ਬੁੱਧ ਦਾ ਸਮਕਾਲੀ ਸੀ, ਇੱਥੇ ਸੀ। ਕਾਲੀਦਾਸ ਨੇ ਵਤਸਰਾਜਾ ਉਦਯਨ ਦੁਆਰਾ ਪ੍ਰਦਯੋਤਾ ਦੀ ਧੀ ਵਾਸਵਦੱਤ ਦੇ ਅਗਵਾ ਦਾ ਵਰਣਨ ਕੀਤਾ ਹੈ - 'ਪ੍ਰਦਯੋਤਸਜ ਪ੍ਰਿਯਾਦੁਤਿਹਰਮ ਵਤਸ-ਰਾਜੋਤ੍ਰਜਾਹਵੇਨ, ਹੈਮਤਲਦੁਮਾਵਨਭੁਦੱਤਾ ਤਸਜੈਵ ਰਾਗਜ'।

**ਬੋਧੀ ਕਾਲ:** ਉਜੈਨ ਦਾ ਬੋਧੀ ਗ੍ਰੰਥਾਂ ਵਿੱਚ ਵੀ ਵਿਸਤਾਰ ਨਾਲ ਵਰਣਨ ਕੀਤਾ ਗਿਆ ਹੈ। ਉਸ ਸਮੇਂ ਉਜੈਨ ਮਹਾਰਾਸ਼ਟਰ ਸੀ ਅਤੇ ਪਾਲੀ ਭਾਸ਼ਾ ਦੀ ਸ਼ੁਰੂਆਤ ਇੱਥੋਂ ਹੋਈ ਸੀ। ਪ੍ਰਦਯੋਤ ਅਤੇ ਉਦਯਨ ਦੇ ਅਸੰਗਠਿਤ ਹੋਣ ਤੋਂ ਬਾਅਦ 300 ਸਾਲਾਂ ਦਾ ਇਤਿਹਾਸ, ਇਹ ਪਤਾ ਨਹੀਂ ਹੈ। ਇਸ ਤੋਂ ਬਾਅਦ ਅਸੀਂ ਮੌਰੀਆ ਸਾਮਰਾਜ ਦੇ ਅਧੀਨ ਅਵੰਤੀ ਦੇਸ਼ ਦੇਖਦੇ ਹਾਂ। ਇਸ ਸਮੇਂ ਸਮਰਾਟ ਬਿੰਦੁਸਾਰ ਦਾ ਪੁੱਤਰ ਅਸ਼ੋਕ ਉਜੈਨ ਦਾ 'ਗੁਪਤ' ਬਣ ਕੇ ਆਇਆ ਸੀ। ਬੀ.ਸੀ. ਜਦੋਂ ਅਸ਼ੋਕ ਦਾ ਸਾਮਰਾਜ 273 ਵਿਚ ਸਥਾਪਿਤ ਹੋਇਆ, ਤਾਂ ਉਸਨੇ ਉਜੈਨ ਨੂੰ ਕਈ ਤਰੀਕਿਆਂ ਨਾਲ ਸੁਧਾਰਿਆ; ਉਸ ਦਾ ਪੁੱਤਰ ਮਹਿੰਦਰ ਅਤੇ ਧੀ ਸੰਘਮਿੱਤਰਾ ਧਰਮ ਦਾ ਪ੍ਰਚਾਰ ਕਰਨ ਲਈ ਬੁੱਧ ਧਰਮ ਦੀ ਸ਼ੁਰੂਆਤ ਕਰਨ ਤੋਂ ਬਾਅਦ ਇੱਥੋਂ ਲੰਕਾ ਚਲੇ ਗਏ। ਮੌਰੀਆ ਸਾਮਰਾਜ ਵੀ ਕੁਝ ਸਮੇਂ ਬਾਅਦ ਤਬਾਹ ਹੋ ਗਿਆ, ਫਿਰ ਸ਼ੁੰਗਾ ਰਾਜਵੰਸ਼ ਦੇ ਅਗਨੀਮਿੱਤਰ ਨੇ ਉਜੈਨ ਵਿੱਚ ਰਾਜ ਕੀਤਾ, ਪਰ ਉਸਨੇ ਜਲਦੀ ਹੀ ਆਪਣੀ ਰਾਜਧਾਨੀ ਇੱਥੋਂ ਬਦਲ ਕੇ ਵਿਦਿਸ਼ਾ ਭਲੇਸਾ ਵਿੱਚ ਸਥਾਪਿਤ ਕੀਤੀ।

**ਵਿਕਰਮਾਦਿਤਯ ਦਾ ਕਾਲ:** ਸੁੰਗਾਂ ਦੀ ਸ਼ਕਤੀ ਦੇ ਅੰਤ ਤੋਂ ਬਾਅਦ, ਕਨਵਸ ਦਾ ਰਾਜ (63.27 ਈ.ਪੂ.), ਆਂਧਰਾਭ੍ਰਿਤਿਆ, ਸੱਤਵਾਹਨ (27 ਤੋਂ 19 ਈ.ਪੂ.) ਵਾਂਗ ਕਸ਼ਤਰਪ ਰਾਜਵੰਸ਼ ਈ. 119 ਤੋਂ ਸੱਤਾ 'ਚ ਹੈ। ਇਸ ਤੋਂ ਬਾਅਦ ਮਿਥਿਹਾਸਕ ਵਰਣਨ ਹਨ ਕਿ ਗੰਧਰਵਸੇਨ ਨੇ ਰਾਜ ਕੀਤਾ, ਉਸ ਤੋਂ ਬਾਅਦ ਭਰਤਰਿਹਰੀ ਨੇ ਰਾਜ ਤਿਆਗ ਦਿੱਤਾ, 57 ਸਾਲ ਪਹਿਲਾਂ ਪਹਿਲੀ ਸਦੀ ਈਸਵੀ ਵਿੱਚ ਵਿਕਰਮਾਦਿਤਯ ਦਾ ਰਾਜ ਇੱਥੇ ਸ਼ੁਰੂ ਹੋਇਆ।



ਜੇਕਰ ਉਪਰੋਕਤ ਨੂੰ ਨਾ ਵੀ ਮੰਨਿਆ ਜਾਵੇ ਤਾਂ ਪਹਿਲੀ ਸਦੀ ਵਿਕਰਮ ਰਾਜ ਸੀ, ਇਹ ਨਿਰਵਿਵਾਦ ਹੈ। ਪਦਮਭੂਸ਼ਣ ਪੰਡਿਤ ਸੂਰਿਆਨਾਰਾਇਣ ਵਿਆਸ ਦੇ ਅਣਥੱਕ ਯਤਨਾਂ ਸਦਕਾ 'ਵਿਕਰਮ' ਦਾ ਦੌਰ ਵੀ ਨਿਸ਼ਚਿਤ ਹੋਇਆ ਅਤੇ ਉਨ੍ਹਾਂ ਦੇ ਯਤਨਾਂ ਸਦਕਾ ਹੀ ਉਜੈਨੀ ਵਿੱਚ ਵਿਕਰਮ ਯੂਨੀਵਰਸਿਟੀ ਦੀ ਸਥਾਪਨਾ ਵੀ ਹੋਈ।

ਵਿਕਰਮਾਦਿਤਿਆ ਤੋਂ ਬਾਅਦ ਦੀ ਮਿਆਦ: ਵਿਕਰਮਾਦਿੱਤ ਤੋਂ ਬਾਅਦ ਦਾ ਥੋੜਾ ਸਮਾਂ ਅਗਿਆਤ ਹੈ। ਇਸ ਤੋਂ ਬਾਅਦ ਏ.ਡੀ ਸ਼ਕਟਨ ਰਾਜਵੰਸ਼ ਨੇ ਲਗਭਗ 100 ਈ. ਸ਼ਕ ਕਾਲ ਵਿੱਚ ਉਜੈਨ ਵੀ ਵਪਾਰ ਅਤੇ ਰਤਨਾਂ ਨਾਲ ਭਰਪੂਰ ਸੀ ਅਤੇ ਪ੍ਰਸਿੱਧ ਸੀ। ਸ਼ਾਕਾ ਕਾਲ ਦੇ ਅੰਤ ਵਿੱਚ ਈ. 400 ਦੇ ਆਸਪਾਸ, ਸੱਤਾ ਪਟਨਾ ਦੇ ਗੁਪਤਾ ਖ਼ਾਨਦਾਨ ਦੇ ਰਾਜਿਆਂ ਦੇ ਹੱਥਾਂ ਵਿੱਚ ਚਲੀ ਗਈ। ਉਜੈਨ ਗੁਪਤਾ ਖ਼ਾਨਦਾਨ ਦਾ ਇੱਕ ਪ੍ਰਾਂਤ ਸੀ। ਉਜੈਨ ਦੇ ਦੂਜੇ ਵਿਕਰਮੋਪਾਧਿਆਧਾਰੀ ਸਕੰਦਗੁਪਤ ਨੇ 455-467 ਈਸਵੀ ਵਿੱਚ ਰਾਜ ਕੀਤਾ ਅਤੇ ਦੂਜੇ ਕੁਮਾਰਗੁਪਤ ਵਿਕਰਮ ਨੇ 473-477 ਈਸਵੀ ਵਿੱਚ ਰਾਜ ਕੀਤਾ।

ਇਸ ਸਮੇਂ ਹੂਨਾਂ ਨੇ ਹਮਲਾ ਕਰਕੇ ਕਬਜ਼ਾ ਕਰ ਲਿਆ। ਯਸ਼ੋਧਰਮਦੇਵ ਨੇ ਮਾਲਵੇ ਨੂੰ ਹੂੰ ਤੋਂ ਬਚਾਇਆ। ਇਸ ਸਮੇਂ ਮਹਾਸੇਨ ਨਾਂ ਦਾ ਗੁਪਤਾ ਰਾਜ ਸੀ। ਉਸ ਨੇ ਮੌਕਾ ਸੰਭਾਲਿਆ ਅਤੇ ਇਸ ਨੂੰ ਆਜ਼ਾਦ ਰਾਜ ਬਣਾ ਦਿੱਤਾ। ਕੁਮਾਰਗੁਪਤ, ਜਿਸਦਾ ਜ਼ਿਕਰ ਮੰਦਸੌਰ ਦੇ ਸ਼ਿਲਾਲੇਖ ਵਿੱਚ ਮਿਲਦਾ ਹੈ, 493ਵੀ ਬੰਧੂ ਵਰਮਾ ਮਾਲਵੇਸ਼ ਦੇ ਸਮੇਂ ਸੀ। ਵੀ. ਨੰ. ਮਹਾਸੇਨ ਦਾ ਪੁੱਤਰ ਦੇਵਗੁਪਤ 529 ਵਿਚ ਰਾਜਾ ਬਣਿਆ। ਦੇਵਗੁਪਤ ਨੇ ਕਨੌਜ ਉੱਤੇ ਹਮਲਾ ਕੀਤਾ। ਉਥੇ ਮੌਖਰੀ ਰਾਜਵੰਸ਼ ਦੇ ਗੁਹਾਵਰਮਾ ਨੂੰ ਹਰਾ ਕੇ ਉਸਦੀ ਪਤਨੀ 'ਰਾਜਯਸ਼੍ਰੀ' 'ਤੇ ਕਬਜ਼ਾ ਕਰ ਲਿਆ। ਰਾਜਸ਼੍ਰੀ ਥਾਨੇਸ਼ਵਰ ਦੇ ਨਰੇਸ਼ਥਾ ਦੀ ਭੈਣ ਸੀ; ਇਸ ਲਈ, ਬਦਲਾ ਲੈਣ ਲਈ, ਇਸ ਰਾਜੇ ਨੇ ਦੇਵਗੁਪਤ 'ਤੇ ਹਮਲਾ ਕੀਤਾ ਅਤੇ ਦੇਵਗੁਪਤ ਨੂੰ ਹਰਾ ਕੇ ਸਾਰੀ ਸ਼ਾਨ ਖੋਹ ਲਈ। ਰਾਜਸ਼੍ਰੀ ਨੂੰ ਕਨੌਜ ਦੀ ਗੱਦੀ ਤੇ ਬਿਠਾਇਆ ਗਿਆ, ਉਸਦਾ ਸੂਬਾ ਉਜੈਨ ਬਣ ਗਿਆ। ਕਨੌਜ ਦੇ ਰਾਜ ਦੇ ਅੰਤ ਤੱਕ ਉਜੈਨ ਇਸ ਦੇ ਅਧੀਨ ਰਿਹਾ। ਸਿੰਘਵਰਮਾ, ਨਰਵਰਮਾ, ਵਿਸ਼ਵਵਰਮਾ ਅਤੇ ਬਧੂਕਰਮਾ ਨੇ ਕ੍ਰਮਵਾਰ ਰਾਜ ਕੀਤਾ।

ਅਤੀਤ ਵਿੱਚ ਇੱਥੇ ਤਿੰਨ ਟੈਕਸਟਾਈਲ ਮਿੱਲਾਂ ਸਨ- ਨਾਜ਼ਰ ਅਲੀ ਮਿੱਲ, ਵਿਨੋਦ ਮਿੱਲ ਅਤੇ ਹੀਰਾ ਮਿੱਲ। ਇਨ੍ਹਾਂ ਤੋਂ ਇਲਾਵਾ ਗਿੰਨਿੰਗ ਫੈਕਟਰੀ ਅਤੇ ਪ੍ਰੈਸ ਵੀ. ਅੱਜ ਇੰਦੌਰ ਟੈਕਸਟਾਈਲ ਅਤੇ ਸ਼੍ਰੀ ਸਿੰਥੈਟਿਕਸ ਸ਼੍ਰੀ ਖੁਸ਼ਹਾਲੀ ਦੇ ਪ੍ਰਤੀਕ ਸਨ। ਇਹ ਵੀ ਹੁਣ ਲਗਭਗ ਬੰਦ ਹੋਣ ਦੀ ਕਗਾਰ 'ਤੇ ਹਨ। ਇੱਥੇ ਕਈ ਜਨਤਕ ਅਦਾਰੇ ਸਥਾਪਿਤ ਹਨ। ਇੱਥੇ ਹਿੰਦੀ, ਮਰਾਠੀ, ਗੁਜਰਾਤੀ, ਸੰਸਕ੍ਰਿਤ, ਜੋਤਿਸ਼, ਵੇਦ ਅਤੇ ਅੰਗਰੇਜ਼ੀ ਦੇ ਸਕੂਲ ਹਨ। ਇੱਥੋਂ ਦੀ ਭਾਸ਼ਾ ਮੁੱਖ ਤੌਰ 'ਤੇ ਮਾਲਵੀ ਹੈ। ਜਨਗਣਨਾ ਅਨੁਸਾਰ 10 ਲੱਖ ਬਸਤੀਆਂ ਹਨ। ਆਸ ਹੈ ਕਿ ਮਾਲਵੀਆ ਦੇ ਸੇਵਕਾਂ ਦੇ ਨਿਰੰਤਰ ਯਤਨਾਂ ਸਦਕਾ ਉਜੈਨੀ ਦੀ ਤਰੱਕੀ ਵਿਚ ਦਿਖਾਈ ਦੇਣ ਵਾਲਾ ਮਹਾਦੰਤਰ ਆਉਣ ਵਾਲੇ ਸਮੇਂ ਵਿਚ ਜਲਦੀ ਹੀ ਘੱਟ ਜਾਵੇਗਾ ਅਤੇ ਇਕ ਵਾਰ ਫਿਰ ਤੋਂ ਉਜੈਨੀ ਸ਼ਹਿਰ ਉਸੇ ਮਹੱਤਵਪੂਰਨ ਸਿੰਘਾਸਣ 'ਤੇ ਸਥਾਪਿਤ ਹੋਵੇਗਾ, ਜਿਸ 'ਤੇ ਇਸ ਦਾ ਹਮੇਸ਼ਾ ਹੀ ਦਬਦਬਾ ਰਿਹਾ ਹੈ |

ਅੱਜ ਇਸ ਸ਼ਹਿਰ ਵਿੱਚ ਵਿਕਰਮ ਯੂਨੀਵਰਸਿਟੀ, ਵਿਕਰਮ ਕੀਰਤੀ ਮੰਦਰ, ਸਿੰਧੀਆ ਰਿਸਰਚ ਫਾਊਂਡੇਸ਼ਨ, ਏ.ਬੀ. ਕਾਲੀਦਾਸ ਸਮਾਰੋਹ ਅਤੇ ਕਾਲੀਦਾਸ ਅਕੈਡਮੀ ਵੀ ਚੰਗੀ ਤਰ੍ਹਾਂ ਸਥਾਪਿਤ ਹਨ। ਇਸ ਸਭ ਦੇ ਪਿਤਾ ਪਦਮਭੂਸ਼ਣ ਸਾਹਿਤਕਾਰ ਡਾ. (ਸਵਰਗੀ) ਪੰਡਿਤ ਸੂਰਿਆਨਾਰਾਇਣਜੀ ਵਿਆਸ ਸਨ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਹਰ ਕਣ ਅਤੇ ਪਲ ਇਸ ਸ਼ਹਿਰ ਨੂੰ ਸਮਰਪਿਤ ਕਰ ਦਿੱਤਾ ਸੀ।